
# ਹਿੰਦ ਦੀ ਚਾਦਰ

ਹਰਚਰਨ ਸਿੰਘ .



# ਹਿੰਦ ਦੀ ਚਾਦਰ

ਦੋ ਅੰਕੀ ਨਾਟਕ

ਹਰਚਰਨ ਸਿੰਘ

ਲਾਹੌਰ ਬੁੱਕ ਸ਼ਾਪ

2-ਲਾਜਪਤ ਰਾਏ ਮਾਰਕੀਟ, ਲੁਧਿਆਣਾ

**HIND DI CHADAR**—*A Play on the Supreme Sacrifice of*
**GURU TEGH BAHADUR**

ਸਭ ਹੱਕ ਨਾਟਕਕਾਰ ਦੇ ਰਾਖਵੇਂ ਹਨ।

2002

| | | |
|---|---|---|
| ਮੁੱਲ | : | 35/- ਰੁਪਏ |
| ਪ੍ਰਕਾਸ਼ਕ | : | ਤੇਜਿੰਦਰ ਬੀਰ ਸਿੰਘ, ਲਾਹੌਰ ਬੁੱਕ ਸ਼ਾਪ<br>2-ਲਾਜਪਤ ਰਾਏ ਮਾਰਕੀਟ, ਨੇੜੇ ਸੁਸਾਇਟੀ ਸਿਨੇਮਾ,<br>ਲੁਧਿਆਣਾ। ਫੋਨ--740738 |
| ਲੇਜ਼ਰ ਸੈਟਿੰਗ | : | ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ। |
| ਛਾਪਕ | : | ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ। |


ਮਹਾਂ ਬਲੀਦਾਨੀ ਸ੍ਰੀ ਗੁਰੂ ਤੇਗ ਬਹਾਦਰ ਨੂੰ
ਸਮਰਪਣ ਜਿਨ੍ਹਾਂ ਨੇ ਧਰਮ, ਸਭਿਆਚਾਰ
ਤੇ ਵਿਚਾਰਾਂ ਦੀ ਖੁਲ੍ਹ ਖ਼ਾਤਰ
ਲਾਸਾਨੀ ਸ਼ਹਾਦਤ
ਦਿੱਤੀ।

## ਹਰਚਰਨ ਸਿੰਘ ਦੀਆਂ ਹੋਰ ਰਚਨਾਵਾਂ

**ਨਾਟਕ**

ਕਲ ਅਜ ਤੇ ਭਲਕ, ਸ਼ੋਭਾ ਸ਼ਕਤੀ, ਕੰਚਨ ਮਾਟੀ, ਚਮਕੌਰ ਦੀ ਗੜ੍ਹੀ, ਪੁੰਨਿਆਂ ਦਾ ਚੰਨ, ਮਿਟੀ ਧੁੰਧ ਜਗ ਚਾਨਣ ਹੋਆ, ਅਨਜੋੜ, ਰਾਜਾ ਪੋਰਸ, ਰੱਤਾ ਸਾਲੂ, ਤੇਰਾ ਘਰ ਸੋ ਮੇਰਾ ਘਰ ਆਦਿ।

**ਇਕਾਂਗੀ**

ਜੀਵਨ ਲੀਲ੍ਹਾ; ਸਪਤ ਰਿਸ਼ੀ, ਮੁੜ੍ਹਕੇ ਦੀ ਖ਼ੁਸ਼ਬੋ, ਜ਼ਫਰਨਾਮਾ ਤੇ ਹੋਰ ਇਕਾਂਗੀ।

**ਕਹਾਣੀ**

ਸਿੱਪੀਆਂ ਤੇ ਨਵੀਂ ਸਵੇਰ।

**ਖੋਜ**

ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ, ਨਾਟਕ ਕਲਾ ਤੇ ਹੋਰ ਲੇਖ ਅਤੇ ਨਾਟਕਕਾਰ ਨੰਦਾ।

**ਸੰਪਾਦਨਾਂ**

ਨੰਦਾ ਦੇ ਸਾਰੇ ਦੇ ਸਾਰੇ ਨਾਟਕ; ਪੰਜਾਬੀ ਸਾਹਿੱਤ ਧਾਰਾ, ਪੰਜਾਬੀ ਬਾਤ ਚੀਤ, ਪੰਜਾਬੀ ਤੇ ਚੋਣਵੇਂ ਇਕਾਂਗੀ।

## ਹਿੰਦ ਦੀ ਚਾਦਰ

ਇਹ ਨਾਟਕ ਪਹਿਲੀ ਨਵੰਬਰ 1975 ਤੋਂ ਸ਼ੁਰੂ ਹੋ ਕੇ ਪੁਸਤਕ ਰੂਪ ਵਿੱਚ ਛਪਣ ਤੱਕ ਅਰਥਾਤ 29 ਦਸੰਬਰ ਤੱਕ ਅਰਥਾਤ 29 ਦਸੰਬਰ ਤੱਕ ਵੱਖੋ-ਵੱਖ ਥਾਵਾਂ ਤੇ ਹਰ ਰਾਤ ਲਗਾਤਾਰ ਹੇਠ ਦਰਜ ਕਲਾਕਾਰਾਂ ਦੁਆਰਾ ਖੇਡਿਆ ਗਿਆ :—

ਡਾਇਰੈਕਟਰ

ਹਰਪਾਲ ਟਿਵਾਣਾ

ਮੰਚ ਡੀਜ਼ਾਈਨ

**ਇਬਰਾਹੀਮ ਅਲਕਾਜ਼ੀ**

ਸੰਗੀਤ

ਜੋਗਿੰਦਰ ਸਿੰਘ ਹੀਰ

ਵੇਸ਼ ਭੂਸ਼ਾ

**ਨਰਿੰਦਰ ਟਿਵਾਣਾ**

ਰੌਸ਼ਨੀ ਦਾ ਪ੍ਰਬੰਧ

**ਮਿਲਖੀ ਰਾਮ ਤੇ ਹਰਜੀਤ ਕੈਂਥ**

### ਮੰਚ ਉੱਤੇ

**ਇਸਤ੍ਰੀ ਪਾਤਰ**

| | | |
|---|---|---|
| ਪਗਲੀ | : | ਨੀਨਾ ਟਿਵਾਣਾ, ਸੁਖਵਿੰਦਰ |
| ਮਸਤਾਨੀ | : | ਨਿਰਮਲ ਰਿਸ਼ੀ, ਸੀਮਾ |

**ਜਨਤਾ**

| | | |
|---|---|---|
| ਪੰਡਤ ਕਿਰਪਾ ਰਾਮ | : | ਡੀ. ਐਸ. ਗੁਜਰਾਲ |
| ਨਗਾਹੀਆ | : | ਸਰਦਾਰਜੀਤ ਬਾਵਾ |
| ਜਵਾਹਰ | : | ਗਿਰਜਾ ਸ਼ੰਕਰ |
| ਸਿੱਖ ਲੜਕਾ | : | ਪਰਮਜੀਤ ਸੋਹੀ |
| ਭਾਈ ਜੈਤਾ | : | ਜੋਗਿੰਦਰ ਹੀਰ |
| ਨਨ੍ਹੂਆ | : | ਹਰਜੀਤ ਕੈਂਥ |
| ਲੱਖੀ ਸ਼ਾਹ | : | ਆਰ.ਸੀ. ਗਿਰਧਰ |
| ਨੌਜਵਾਨ ਲੜਕਾ | : | ਦਰਸ਼ਨ ਬਰੀ |
| ਮਾਸ਼ਕੀ | : | ਰਾਮ ਸਿੰਘ ਖਿੰਦ |

**ਦਰਵੇਸ਼**

| | | |
|---|---|---|
| ਸੂਫ਼ੀ ਫ਼ਕੀਰ | : | ਗੁਰਦਾਸ ਮਾਨ |
| **ਮੁਗ਼ਲ** | | |
| ਕਾਜ਼ੀ ਬੋਹਰਾ | : | ਕੁਲਦੀਪ ਅਸ਼ਕ, ਰਾਜ ਬੱਬਰਾ |
| ਨਾਜ਼ਰ | : | ਜੀਵਨ ਨੀਲ |
| ਮੁਹੱਰਰ | : | ਕਪਿਲ ਬੈਂਰੀ |
| ਦਰੋਗਾ | : | ਗੁਰਿੰਦਰ ਖਾਜਵਾ |
| **ਬਕਤਰ ਪੋਸ਼** | | |
| ਪਹਿਲਾ ਪਹਿਰੇਦਾਰ | : | ਸੁੱਚਾ ਸਿੰਘ |
| ਦੂਜਾ ਪਹਿਰੇਦਾਰ | : | ਗੁਰਮੀਤ ਸਿੰਘ |
| ਤੀਜਾ ਪਹਿਰੇਦਾਰ | : | ਰਾਜੂ |
| **ਰਾਜਪੂਤ** | | |
| ਰਜਪੂਤ ਨੰਬਰ 1 | : | ਧਰਮ ਪਾਲ ਪੀਰ ਬਖਸ਼ |
| ,, ,, 2 | : | ਰਾਮ ਸਿੰਘ |
| ,, ,, 3 | : | ਰਮਨੀਕ ਪੁੱਨੂੰ |
| ,, ,, 4 | : | ਰਾਜਾ ਸਿੰਘ ਵਰਦੀ |

**ਪਰਦੇ ਪਿੱਛੇ**

**ਸੰਗੀਤਕਾਰ**

ਬੈਜ ਨਾਥ ਤੇ ਮੋਹਨ ਲਾਲ

**ਪੁਸਤਕਾਂ ਦੀ ਸੰਭਾਲ**

ਮਿਸ ਸੰਤੋਸ਼

**ਮੰਚ ਸਹਾਇਕ**

ਹਰਬਖਸ਼ ਸਿੰਘ ਲਾਟਾ

**ਪਰਮਜੀਤ ਸਿੰਘ**

ਜੋਗਾ ਸਿੰਘ, ਹਰੀ ਦਿਆਲ

ਨਾਨਕ ਸਿੰਘ ਰਣਜੀਤ ਸਿੰਘ

ਮੰਚ ਪ੍ਰਬੰਧ : ਅਮਰੀਕ ਸਿੰਘ ਬਣਵੈਤ

**ਕਾਰਜਕਾਰੀ ਪ੍ਰਦਰਸ਼ਨੀ**

ਅਰਜਨ ਸਿੰਘ ਚਾਵਲਾ

## *ਹਿੰਦ ਦੀ ਚਾਦਰ ਬਾਰੇ*

ਸਿੱਖਾਂ ਦੇ ਨੌਵੇਂ ਪੀਰ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਬਾਰੇ ਬੇਮਿਸਾਲ ਨਾਟਕ ਹਨ। ਮੈਂ ਆਪ ਡਾ: ਐਮ. ਐਸ. ਰੰਧਾਵਾ ਅਤੇ ਪੰਜਾਬ ਦੇ ਹੋਰ ਉੱਘੇ ਲਿਖਾਰੀਆਂ ਨਾਲ ਲੁਧਿਆਣਾ 'ਚ ਇਸ ਨੂੰ ਦਰਸ਼ਕਾਂ ਵਿੱਚ ਬੈਠਕੇ ਦੇਖਿਆ। ਮੇਰੇ ਅਨੁਭਵ ਮੁਤਾਬਕ ਇਹ ਇੱਕ ਬੇਹਤਰੀਨ ਡਰਾਮਾ ਹੈ, ਜੋ ਦਰਸ਼ਕਾਂ 'ਚ ਪਵਿੱਤਰ ਭਾਵਨਾ ਪੈਦਾ ਕਰਦਾ ਹੈ! **—ਈ ਅਲਕਾਜ਼ੀ**

ਮੈਂ ਸਾਰੀ ਉਮਰ ਵਿੱਚ ਇਸ ਨਾਲੋਂ ਜ਼ੋਰਦਾਰ ਤੇ ਦਰਦਨਾਕ ਡਰਾਮਾ ਨਹੀਂ ਦੇਖਿਆ। ਇਸ ਨੂੰ ਪੇਸ਼ ਕਰਕੇ ਹਰਪਾਲ ਟਿਵਾਣਾ ਨੇ ਪੰਜਾਬ ਦੀ ਭਾਰੀ ਖ਼ਿਦਮਤ ਕੀਤੀ ਹੈ। **—ਡਾ. ਐਮ.ਐਸ. ਰੰਧਾਵਾ**

ਅਸੀਂ ਸਮਝਦੇ ਹਾਂ ਕਿ ਇਹ ਲਹਿਰ (ਹਿੰਦ ਦੀ ਚਾਦਰ ਦੀ ਪੇਸ਼ਕਾਰੀ) ਇੱਕ ਚੰਗਿਆੜੀ ਮਾਤਰ ਨਹੀਂ, ਸਗੋਂ ਭਾਂਬੜ ਬਣ ਕੇ ਪੰਜਾਬੀ ਨਾਟਕ ਦੀ ਤ੍ਰਿਸ਼ਨਾ ਲੋਕਾਂ ਵਿੱਚ ਜਗਾਵੇਗੀ। **—ਸਾਧੂ ਸਿੰਘ ਹਮਦਰਦ, 'ਅਜੀਤ' 27 ਨਵੰਬਰ 1975**

ਨਾਟਕ ਦੀ ਸਫਲਤਾ ਦੀ ਸਭ ਤੋਂ ਵੱਡੀ ਨਿਸ਼ਾਨੀ ਇਹ ਹੁੰਦੀ ਹੈ ਕਿ ਇਹ ਦਰਸ਼ਕ ਨੂੰ ਉਸ ਮਹੌਲ ਵਿੱਚ ਲੈ ਜਾਵੇ ਜਿਸ ਸਮੇਂ ਦਾ ਪ੍ਰਭਾਵ ਇਹ ਦੇਣਾ ਚਾਹੁੰਦਾ ਹੈ। ਦਰਸ਼ਕ ਇਸ ਨੂੰ ਵੇਖਦੇ ਹੋਏ ਇੱਕ ਮਹਾਨ ਕੁਰਬਾਨੀ ਨੂੰ ਆਪਣੇ ਦਿਲ ਵਿੱਚ ਧੜਕਦੀ ਮਹਿਸੂਸ ਕਰਦਾ ਹੈ ਤੇ ਕਈ ਵਾਰ ਉਸ ਦੀਆਂ ਅੱਖਾਂ ਗਿਲੀਆਂ ਹੁੰਦੀਆਂ ਹਨ। **—ਬਰਜਿੰਦਰ ਸਿੰਘ ਐਡੀਟਰ, ਦ੍ਰਿਸ਼ਟੀ**

*ਹਿੰਦ ਦੀ ਚਾਦਰ ਨਾਟਕ ਦਾ ਕਾਪੀਰਾਈਟ ਰਜਿਸਟਰੀ ਕਰਵਾਇਆ ਹੋਇਆ ਹੈ। ਸੋ ਬਿਨਾਂ ਨਾਟਕਕਾਰ ਹਰਚਰਨ ਸਿੰਘ ਦੀ ਲਿਖਤੀ ਆਗਿਆ ਦੇ ਇਸ ਨਾਟਕ ਨੂੰ ਖੇਡਣਾ ਕਾਨੂੰਨੀ ਤੌਰ ਤੇ ਮਨ੍ਹਾ ਹੈ।* —ਪ੍ਰਕਾਸ਼ਕ

ਪਰਦਾ ਉੱਠਣ ਤੋਂ ਪਹਿਲਾਂ

# *ਦਰਸ਼ਕਾਂ ਨਾਲ ਦੋ ਗੱਲਾਂ*

## 1. ਨਾਟਕ ਬਾਰੇ

'ਹਿੰਦ ਦੀ ਚਾਦਰ' ਦੀ ਰਚਨਾ ਵਕਤ ਦਾ ਉਬਾਲ ਨਹੀਂ। ਇਹ ਵਿਸ਼ਾ ਮੇਰੇ ਮਨ ਨੂੰ ਬਚਪਨ ਤੋਂ ਮੱਲੀ ਬੈਠਾ ਸੀ। ਗੁਰੂ ਤੇਗ਼ ਬਹਾਦਰ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਅਵਸਰ ਨੇ ਇਸ ਨੂੰ ਲਿਖਣ ਲਈ ਫੌਰੀ ਉਤੇਜਨਾ ਜ਼ਰੂਰ ਦਿੱਤੀ ਹੈ। ਖ਼ਾਲਸਾ ਸਕੂਲ ਚਕਦਾਨਾ (ਜਲੰਧਰ) ਵਿੱਚ ਸੱਤਵੀਂ, ਅੱਠਵੀਂ ਵਿੱਚ ਪੜ੍ਹਨ ਸਮੇਂ ਅਸੀਂ ਇੱਕ ਸ਼ਬਦ ਗਾਇਣ ਜੱਥਾ ਬਣਾਇਆ ਹੋਇਆ ਸੀ। ਗੁਰੂ ਤੇਗ਼ ਬਹਾਦਰ ਸਬੰਧੀ ਕੇਸ਼ਵ ਭੱਟ ਦਾ ਰਚਿਆ ਹੋਇਆ ਇਹ ਸ਼ਬਦ ਮੇਰੇ ਅੱਲੇ ਮਨ ਨੂੰ ਖ਼ਾਸ ਖਿੱਚ ਪਾਉਂਦਾ ਹੁੰਦਾ ਸੀ :—

ਚਿਤ ਚਰਨ ਕਮਲ ਕਾ ਆਸਰਾ,
ਚਿਤ ਚਰਨ ਕੰਵਲ ਸੰਗ ਜੋੜੀਏ।
ਮਨ ਲੋਚੇ ਬੁਰਿਆਈਆਂ
ਗੁਰ ਸ਼ਬਦੀਂ ਇਹ ਮਨ ਹੋੜੀਏ।
ਬਾਂਹਿ ਜਿਨ੍ਹਾਂ ਦੀ ਪਕੜੀਏ
ਸਿਰ ਦੀਜੇ ਬਾਂਹਿ ਨਾ ਛੋੜੀਏ।
ਤੇਗ਼ ਬਹਾਦਰ ਬੋਲਿਆ
ਧਰ ਪਈਏ ਧਰਮ ਨਾ ਛੋੜੀਏ।

ਗੁਰੂ ਤੇਗ਼ ਬਹਾਦਰ ਦੀ ਧਰਮ, ਭਾਰਤੀ ਸੰਸਕ੍ਰਿਤੀ ਅਤੇ ਸੁਤੰਤਰ ਸੋਚਣੀ ਖ਼ਾਤਰ ਦਿੱਤੀ ਕੁਰਬਾਨੀ ਮੈਨੂੰ ਬਚਪਨ ਤੋਂ ਹੀ ਅਦੁੱਤੀ ਘਟਨਾ ਲੱਗਦੀ ਹੁੰਦੀ ਸੀ। ਅੰਤਰ ਆਤਮਾ ਘਰ ਕਰੀ ਬੈਠੀ ਇਸ ਖਿੱਚ ਨੂੰ ਅਖ਼ੀਰ ਮੈਂ ਸ਼ਬਦੀ ਜਾਮਾ ਪਹਿਨਾਉਣ ਦਾ ਉਪਰਾਲਾ ਆਰੰਭ ਕੀਤਾ। ਗੁਰੂ ਤੇਗ਼ ਬਹਾਦਰ ਦੇ ਜੀਵਨ ਤੇ ਰਚਨਾ ਬਾਰੇ ਕੁਲ ਪ੍ਰਾਪਤ ਸਾਹਿੱਤ ਪੜ੍ਹਿਆ। ਸਮਕਾਲੀ ਸਥਿਤੀ ਨੂੰ ਸਮਝਣ ਲਈ ਸਰ ਜਾਦੂ ਨਾਥ ਸਰਕਾਰ ਦੇ ਔਰੰਗਜ਼ੇਬ ਦੇ ਰਾਜ ਬਾਰੇ ਪੰਜੇ ਭਾਗ ਪੜ੍ਹੇ। ਡਾ: ਤਰਲੋਚਨ ਦੀ ਪੁਸਤਕ

ਤੋਂ ਬਿਨਾਂ ਡਾ: ਗੁਰਚਰਨ ਸਿੰਘ ਅਨੰਦ ਦਾ ਗੁਰੂ ਤੇਗ਼ ਬਹਾਦਰ ਸੰਬਧੀ ਪੀ.ਐਚ.ਡੀ ਦਾ ਥੀਸਿਸ ਮੈਂ ਉਚੇਚਾ ਡੇਹਰਾਦੂਨ ਜਾ ਕੇ ਪੜ੍ਹਿਆ। 1974 ਦੀਆਂ ਸਰਦੀਆਂ ਦੀਆਂ ਦੱਸ ਛੁੱਟੀਆਂ ਵਿੱਚ ਮੈਂ ਇਸ ਨਾਟਕ ਦੀ ਰੂਪ ਰੇਖਾ ਉਸ ਇਤਿਹਾਸਿਕ ਜਗ੍ਹਾ ਬੈਠ ਕੇ ਉਲੀਕੀ ਜਿੱਥੇ ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ ਅਤੇ ਡਾ: ਬਲਬੀਰ ਸਿੰਘ (ਪੰਜ ਵਟੀ) ਅਮਰ ਸਾਹਿਤ ਰਚਦੇ ਰਹੇ ਸਨ। ਸ: ਸ਼ਿਵਨਾਭ ਸਿੰਘ ਤੇ ਬੀਬੀ ਮਹਿੰਦਰ ਕੌਰ (ਸਪੁੱਤਰੀ ਡਾ: ਬਲਬੀਰ ਸਿੰਘ) ਦਾ ਮੈਂ ਬਹੁਤ ਰਿਣੀ ਹਾਂ।

ਨਾਟਕ ਤੇ ਇਤਿਹਾਸ ਦਾ ਗੂਹੜਾ ਰਿਸ਼ਤਾ ਹੈ। ਪ੍ਰਾਚੀਨ ਕਾਲ ਤੋਂ ਨਾਟਕਕਾਰ ਇਤਿਹਾਸ ਵਿੱਚੋਂ ਪ੍ਰੇਰਣਾ ਤੇ ਵਿਸ਼ਾ ਵਸਤੂ ਲੈਂਦੇ ਰਹੇ ਹਨ। ਵਾਰ ਮਹਾਂ-ਕਾਵਿ ਤੇ ਜੰਗਨਾਮਾ ਇਤਿਹਾਸ ਉੱਤੇ ਹੀ ਆਧਾਰਤ ਰਹੇ ਹਨ। ਪਰ ਇਤਿਹਾਸ ਵਾਂਗ ਨਾਟਕ ਭੂਤ ਕਾਲ ਦਾ ਸੁੱਕਾ ਪ੍ਰੁੱਕਾ ਵਰਨਣ ਨਹੀਂ ਹੁੰਦਾ। ਡਰਾਮਾ ਕਲਾ ਦਾ ਇਕ ਰੂਪ ਹੈ। ਇਤਿਹਾਸ ਨੂੰ ਵਿਗਿਆਨ ਦੇ ਘੇਰੇ ਵਿੱਚ ਗਿਣਿਆ ਜਾਂਦਾ ਹੈ। ਫੇਰ ਵੀ ਨਾ ਇਤਿਹਾਸ ਨਿਰੋਲ ਸੱਚ ਹੁੰਦਾ ਹੈ ਅਤੇ ਨਾ ਨਾਟਕ ਨਿਰੋਲ ਝੂਠ। ਲਿਖੇ ਗਏ ਇਤਿਹਾਸ ਅਤੇ ਵਾਪਰੇ ਇਤਿਹਾਸ ਵਿੱਚ ਵੀ ਕਾਫੀ ਫ਼ਰਕ ਰਹਿ ਜਾਂਦਾ ਹੈ। ਨਾਟਕਕਾਰ ਦਾ ਕਰਤਵ ਇਹ ਨਹੀਂ ਕਿ ਉਹ ਹੂ-ਬ-ਹੂ ਹੋ ਬੀਤੀਆਂ ਘਟਨਾਵਾਂ ਨੂੰ ਵਰਨਣ ਕਰੇ ਸਗੋਂ ਉਸ ਨੂੰ ਚਾਹੀਦਾ ਹੈ ਕਿ ਉਹ ਅਰਸਤੂ ਦੇ ਕਹਿਣ ਅਨੁਸਾਰ ਸੰਭਵਤਾ ਦਾ ਪੱਲਾ ਨਾ ਛੱਡੇ। ਨਾਟਕਕਾਰ ਦਾ ਕੰਮ ਸਮੇਂ ਦੇ ਸੱਚ ਨੂੰ ਕਲਾਮਈ ਰੂਪ ਦੇਣਾ ਹੁੰਦਾ ਹੈ, ਜੋ ਵਾਸਤਵਿਕ ਸੱਚ ਨਾਲੋਂ ਕਿਤੇ ਸ਼ਕਤੀਸਾਲੀ ਹੁੰਦਾ ਹੈ।

1940 ਵਿੱਚ ਮੈਂ ਪਹਿਲੀ ਦਫ਼ਾ ਸਿੱਖ ਇਤਿਹਾਸ ਨਾਲ ਸਬੰਧਿਤ ਦੋ ਇਕਾਂਗੀ (ਜੀਵਨ ਲੀਲ੍ਹਾ ਵਿੱਚ ਦਰਜ ਹੰਸ ਤੇ ਗਰੀਬ ਨਿਵਾਜ) ਲਿਖੇ ਸਨ। ਪਹਿਲਾਂ ਸੰਪੂਰਨ ਨਾਟਕ 'ਪੁੰਨਿਆਂ ਦਾ ਚੰਨ' ਮੈਂ 1953 ਵਿੱਚ ਲਿਖਿਆ। ਤਜਰਬਾ ਸਫ਼ਲ ਰਿਹਾ। ਇਹ ਨਾਟਕ 1954 ਵਿੱਚ ਦੋ ਦਫ਼ਾ ਵਾਈ.ਐਮ.ਸੀ.ਏ. ਹਾਲ ਦਿੱਲੀ ਵਿੱਚ ਖੇਡਿਆ ਗਿਆ। 1955 ਵਿੱਚ ਇਹੋ ਨਾਟਕ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿੱਚ ਪੰਜ ਹਜ਼ਾਰ ਦੀ ਹਾਜ਼ਰੀ ਵਿੱਚ ਖੇਡਿਆ। 1967 ਵਿੱਚ ਮੈਂ 'ਇਤਿਹਾਸ ਜਵਾਬ ਮੰਗਦਾ ਹੈ' 'ਚਮਕੌਰ ਦੀ ਗੜ੍ਹੀ' ਅਤੇ 'ਜ਼ਫ਼ਰਨਾਮਾ' ਨਾਟਕ ਲਿਖੇ। ਪੰਜਾਬ ਕਲਾ ਮੰਚ ਦੇ ਪ੍ਰਸਿੱਧ ਨਿਰਦੇਸ਼ਕ ਹਰਪਾਲ ਟਿਵਾਣਾ ਨੇ ਚਮਕੌਰ ਦੀ ਗੜ੍ਹੀ ਦੇ ਸੈਂਕੜੇ ਸ਼ੋਅ ਪੰਜਾਬ ਅਤੇ ਭਾਰਤ ਦੇ ਮੁੱਖ ਸ਼ਹਿਰਾਂ ਵਿੱਚ ਪੇਸ਼ ਕੀਤੇ। ਉਸ ਪਿਛੋਂ ਹਰਪਾਲ ਤੇ ਨੀਨਾ ਟਿਵਾਣਾ ਨੇ 'ਚਮਕੌਰ ਦੀ ਗੜ੍ਹੀ' ਰਾਹੀਂ ਪੰਜਾਬੀ ਨਾਟਕ ਤੇ ਮੰਚ ਦੀ ਕੈਨੇਡਾ ਤੇ ਅਮਰੀਕਾ ਵਿੱਚ ਧਾਕ ਬਠਾਈ।

'ਹਿੰਦ ਦੀ ਚਾਦਰ' ਵਿਸ਼ੇ ਵਸਤੂ ਰੂਪ ਤੇ ਪੇਸ਼ਕਾਰੀ ਦੇ ਪੱਖੋਂ ਵਿਸ਼ਾਲ ਨਾਟਕ ਹੈ। ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਭਾਰੀ ਕੌਮੀ ਦੁਖਾਂਤ ਹੈ। ਇਸੇ ਕਰਕੇ ਹਰ ਇਕ ਭਾਰਤੀ ਨੇ ਇਸ ਤੀਜੀ ਸ਼ਹੀਦੀ ਸ਼ਤਾਬਦੀ ਸਮੇਂ ਇਸ ਮਹਾਨ ਕੁਰਬਾਨੀ ਦੇ ਮਹੱਤਵ ਨੂੰ ਅਨੁਭਵ ਕੀਤਾ ਹੈ। ਇਸ ਨਾਟਕ ਵਿੱਚ ਮੈਂ ਗੁਰੂ ਤੇਗ਼ ਬਹਾਦਰ ਦੀ ਲਾਸਾਨੀ ਸ਼ਹੀਦੀ ਅਤੇ ਉਸ ਦੇ ਪ੍ਰਤੀਕਰਮ ਨੂੰ ਨਾਟਕੀ ਰੂਪ ਦਿੱਤਾ ਹੈ।

ਪਹਿਲੇ ਅੰਕ ਵਿੱਚ ਮਹਾਨ ਸਾਕੇ ਵਾਲੀ ਸਵੇਰ ਦੇ ਵਾਤਾਵਰਣ ਨੂੰ ਦਰਸ਼ਕਾਂ ਦੀਆਂ ਅੱਖਾਂ ਸਾਹਮਣੇ ਸਾਕਾਰ ਕਰਨ ਦਾ ਉਪਰਾਲਾ ਕੀਤਾ ਹੈ। ਨਾਇਕ ਤੋਂ ਬਿਨਾਂ ਕਿਸੇ ਨਾਟਕ ਦੀ ਕਹਾਣੀ ਨੂੰ ਉਸਾਰਨਾ ਅਸੰਭਵਤਾ ਦੇ ਬਰਾਬਰ ਹੁੰਦਾ ਹੈ। ਪਹਿਲੇ ਅੰਕ ਦੀਆਂ ਛੇ ਝਾਕੀਆਂ ਰਾਹੀਂ ਮੈਂ 11 ਨਵੰਬਰ 1675 ਦੀ ਹੋਣੀ ਭਰਪੂਰ ਸਵੇਰ ਦੀ ਮਹਾਨਤਾ ਨੂੰ ਅਨੁਭਵ ਕਰਾਉਣ ਦਾ ਯਤਨ ਕੀਤਾ ਹੈ।

ਦੂਜੇ ਅੰਕ ਵਿੱਚ ਮੈਂ ਸ਼ਹਾਦਤ ਦੇ ਪ੍ਰਤੀਕਰਮ ਨੂੰ ਸਜੀਵ ਰੂਪ ਦਿੱਤਾ ਹੈ। ਕੁਝ ਸਮਕਾਲੀ ਇਤਿਹਾਸਕਾਰਾਂ ਨੇ ਲਿਖਿਆ ਸੀ ਕਿ ਸਿੱਖਾਂ ਦੇ ਪੀਰ ਦੇ ਕਤਲ ਤੋਂ ਬਾਅਦ ਪੱਤਾ ਤਕ ਨਹੀਂ ਹਿਲਿਆ, ਕਿਸੇ ਨੇ ਸਿਰ ਤੱਕ ਨਹੀਂ ਚੁੱਕਿਆ। ਅੱਜ ਹਰ ਸੂਝਵਾਨ ਭਾਰਤੀ ਮੰਨਦਾ ਹੈ ਕਿ ਇਹ ਸਾਕਾ ਉੱਤਰੀ ਭਾਰਤ ਦੇ ਇਤਿਹਾਸ ਵਿੱਚ ਜ਼ਾਹਰਾ ਮੋੜਾ ਸੀ। ਗੁਰੂ ਦੀ ਸ਼ਹੀਦੀ ਨੇ ਪੰਜਾਬੀਆਂ ਦੇ ਮਨਾਂ ਵਿੱਚੋਂ ਜਾਬਰ ਹਕੂਮਤ ਦਾ ਡਰ ਭਉ ਹੀ ਕੱਢ ਦਿੱਤਾ। ਇਹ ਹੀ ਸਭ ਤੋਂ ਵੱਡੀ ਕਰਾਮਾਤ ਸੀ। ਫ਼ਤਹੂਰਾਤ ਨਾਮਾ ਏ ਸਮਦੀ (1722) ਵਿੱਚ ਗ਼ੁਲਾਮ ਮਹੀ-ਉੱਦੀਨ ਲਿਖਦਾ ਹੈ ਕਿ ਇਹ ਸਾਕਾ ਬਾਦਸ਼ਾਹ ਦਾ ਰੋਅਬ ਹੂੰਝ ਕੇ ਲੈ ਗਿਆ। ਪੰਜਾਬ ਵਿੱਚ ਇਸ ਸ਼ਹਾਦਤ ਨੇ ਕਰਾਂਤੀ ਲਈ ਰਾਹ ਮੋਕਲਾ ਕੀਤਾ ਜੋ ਪਿੱਛੋਂ ਖੜਕਧਾਰੀ ਸਿੰਘਾਂ ਦੇ ਰੂਪ ਵਿੱਚ ਸਾਰੇ ਸੰਸਾਰ ਸਾਹਮਣੇ ਦ੍ਰਿਸ਼ਟੀਮਾਨ ਹੋਈ।

ਇਤਿਹਾਸਕ ਨਾਟਕ ਵਿੱਚ ਨਾਟਕਕਾਰ ਨੂੰ ਪਾਤਰਾਂ ਦੀ ਚੋਣ ਵਿੱਚ ਬਹੁਤੀ ਖੁਲ੍ਹ ਨਹੀਂ ਹੁੰਦੀ। 'ਹਿੰਦ ਦੀ ਚਾਦਰ' ਦੇ ਮੁੱਖ ਪਾਤਰ ਸਵਾਏ ਸੂਫ਼ੀ ਫ਼ਕੀਰ ਦੇ (ਜੋ ਔਰੰਗਜ਼ੇਬ ਦੀ ਫਿਰਕੂ ਹਕੂਮਤ ਵਿਰੁੱਧ ਆਵਾਜ਼ ਦਾ ਪ੍ਰਤੀਕ ਹੈ) ਸਾਰੇ ਇਤਿਹਾਸਕ ਵਿਅਕਤੀ ਹਨ। ਭਾਈ ਜੈਤਾ, ਲੱਖੀ ਸ਼ਾਹ, ਨਗਾਹੀਆ ਅਤੇ ਕਾਜ਼ੀ ਬੋਹਰਾ ਨਾਟਕ ਦੇ ਮੁੱਖ ਪਾਤਰ ਹਨ। ਜੈਤਾ ਪਿੱਛੋਂ ਅੰਮ੍ਰਿਤ ਛੱਕ ਕੇ ਜੀਵਨ ਸਿੰਘ ਦੇ ਨਾਂ ਨਾਲ ਉੱਘਾ ਹੋਇਆ ਅਤੇ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਇਆ। ਲੱਖੀ ਸ਼ਾਹ ਤੇ ਨਗਾਹੀਆ ਦੇ ਪਿਛਲੇ ਜੀਵਨ ਬਾਰੇ ਕੋਈ ਥਹੁ ਨਹੀਂ ਮਿਲਦਾ ਸਵਾਏ ਇਕ ਭੱਟ ਦੀਆਂ ਹੇਠਲੀਆਂ ਤੁਕਾਂ ਦੇ :—

ਚਲਾ ਚਲਾਕੀ ਹੋ ਰਹੀ
ਗਡ ਗਡ ਉਖੜੇ ਮੇਖ।

ਲੱਖੀ ਨਗਾਹੀਆ ਲੈ ਚੱਲੇ
ਤੂੰ ਖੜਾ ਤਮਾਸ਼ਾ ਦੇਖ।
ਲੱਖੀ ਨਗਾਹੀਆ ਲਖ ਗਏ
ਹੇਮ ਹੜਾਊ ਆਠ।
ਸੁਖ ਸਰੀਰਾ ਲਖ ਗਏ
ਬਹੁਤ ਨਾ ਆਏ ਬਾਟ।

ਕਾਜ਼ੀ ਅਬਦੁਲ ਵਾਹਾਬ ਬੋਹਰਾ[1] ਉਸ ਸਮੇਂ ਕਾਜ਼ੀ-ਉਲਕੁਜ਼ਾਤ (ਮੁਲਕ ਦਾ ਸਭ ਤੋਂ ਵੱਡਾ ਕਾਜ਼ੀ) ਦੀ ਪਦਵੀ ਉੱਤੇ ਵਿਦਮਾਨ ਸੀ। ਸਮਕਾਲੀ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਉਹ ਦੇਸ਼ ਭਰ ਦਾ ਸਭ ਤੋਂ ਨਿਰਦਈ ਅਤੇ ਭਰਿਸ਼ਟ ਬੰਦਾ ਸੀ। ਉਸ ਦਾ ਦਿੱਲੀ ਦੇ ਸਿੱਖਾਂ ਨੂੰ ਇਵਜ਼ਾਨੇ ਵਜੋਂ ਗੁਰੂ ਦੇ ਭਾਰ ਬਰਾਬਰ ਸੋਨੇ ਲਈ ਉਕਸਾਣਾ ਸੁਭਾਵਕ ਘਟਨਾ ਲਗਦੀ ਹੈ। ਪਗਲੀ ਤੇ ਮਸਤਾਨੀ ਉਸ ਸਮੇਂ ਦੇ ਲੋਕਾਂ ਦੀ ਦੱਬੀ ਘੁੱਟੀ ਆਵਾਜ਼ ਦਾ ਪ੍ਰਤੀਕ ਹਨ।

2. ਖੇਡ ਬਾਰੇ

'ਹਿੰਦ ਦੀ ਚਾਦਰ' ਨੂੰ ਮੈਂ ਆਪਣੇ ਬਾਕੀ ਨਾਟਕਾਂ ਵਾਂਗ ਖੇਡਣ ਖ਼ਾਤਰ ਹੀ ਲਿਖਿਆ ਸੀ। ਇਸ ਨੂੰ ਖੇਡਣ ਦਾ ਐਲਾਨ ਮੈਂ ਮਾਰਚ 1975 ਵਿੱਚ ਕਰ ਦਿੱਤਾ ਸੀ। ਹਰਪਾਲ ਤੇ ਨੀਨਾ ਟਿਵਾਣਾ ਉਸ ਸਮੇਂ ਕੈਨੇਡਾ ਵਿੱਚ ਸਨ। ਉਨ੍ਹਾਂ ਨੂੰ ਸ਼ੀਘਰ ਆਉਣ ਲਈ ਪੰਜਾਬ ਕਲਾ ਮੰਚ ਦੇ ਜਰਨਲ ਸਕੱਤਰ, ਅਰਜਨ ਸਿੰਘ ਚਾਵਲਾ ਨੇ ਉਚੇਚਾ ਸੱਦਾ ਭੇਜਿਆ। ਪੰਜਾਬੀ ਮੰਚ ਤੇ ਸਭਿਆਚਾਰ ਦੇ ਸੁਭਾਗ ਨੂੰ ਇਹ ਕਲਾਕਾਰ ਜੋੜਾ ਢਾਈ ਸਾਲਾਂ ਬਾਅਦ ਵਕਤ ਸਿਰ ਦੇਸ਼ ਪਰਤ ਆਇਆ। ਆਪਣੇ ਗੁਰੂ ਸ਼੍ਰੀ ਇਬਰਾਹੀਮ ਅਲਕਾਜ਼ੀ ਦੇ ਸਹਿਯੋਗ ਦੇ ਭਰੋਸੇ ਤੇ ਹਰਪਾਲ ਟਿਵਾਣਾ ਨੇ 'ਹਿੰਦ ਦੀ ਚਾਦਰ' ਨੂੰ ਕੌਮੀ ਪੱਧਰ ਤੇ ਖੇਡਣ ਦੀ ਤਿਆਰੀ ਆਰੰਭ ਕਰ ਦਿੱਤੀ।

1. Abdul Wahab Abused his boundless influence over the Emperor to enrich himself. He was the most corrupt and heartless Qazi of the reign....During his Sixteen years of Qaziship he amassed a fourtune of 33 lakhs of rupees in cash, besides much jewellery and other valuable things.
—Sir Jadhu Nath Sarkar, Aurangzeb



27 ਦਸੰਬਰ ਨੂੰ ਟੈਲੀਵਿਜ਼ਨ ਅੰਮ੍ਰਿਤਸਰ ਤੋਂ ਟੈਲੀਕਾਸਟ ਹੋਈ ਇੱਕ ਇੰਟਰਵੀਊ ਸਮੇਂ ਸ: ਈਸ਼ਰ ਸਿੰਘ ਅਟਾਰੀ ਦੇ ਇਕ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਹਰਪਾਲ ਨੇ ਕਿਹਾ ਸੀ ਕਿ ਮੈਂ ਹੁਣ ਤੱਕ 21 ਨਾਟਕ ਡਾਇਰੈਕਟ ਕਰ ਚੁੱਕਾ ਹਾਂ ਅਤੇ 'ਹਿੰਦ ਦੀ ਚਾਦਰ' ਮੇਰੇ ਹੁਣ ਤੱਕ ਨਿਰਦੇਸ਼ਨ ਕੀਤੇ ਨਾਟਕਾਂ ਵਿੱਚੋਂ ਉੱਚਤਮ ਹੈ। ਇਸ ਦੇ ਦ੍ਰਿਸ਼ ਸਜਾ ਵਿੱਚ ਸ਼੍ਰੀ ਅਲਕਾਜ਼ੀ ਦਾ ਵਿਸ਼ੇਸ਼ ਹੱਥ ਹੈ। ਵੇਸ਼ ਭੂਸ਼ਾ ਦਾ ਕੰਮ ਨੀਨਾ ਟਿਵਾਣਾ ਨੇ ਨਿਭਾਹਿਆ।

ਪੂਰੀ ਤਿਆਰੀ ਤੋਂ ਬਾਅਦ ਪਹਿਲੀ ਨਵੰਬਰ 1975 ਤੋਂ 'ਹਿੰਦ ਦੀ ਚਾਦਰ' ਦੀ ਪੇਸ਼ਕਾਰੀ ਆਰੰਭ ਹੋਈ। ਸਭ ਤੋਂ ਪਹਿਲਾਂ ਖੇਡ ਐਸ.ਡੀ. ਕਾਲਜ ਬਰਨਾਲਾ ਵਿੱਚ ਪੇਸ਼ ਹੋਇਆ ਤਿੰਨ ਹਜ਼ਾਰ ਦੇ ਕਰੀਬ ਦਰਸ਼ਕਾਂ ਨੇ ਇਸ ਨੂੰ ਦੇਖਿਆ ਤੇ ਸਲਾਹਿਆ। 4 ਨਵੰਬਰ ਨੂੰ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਨੇ ਟੈਗੋਰ ਥੀਏਟਰ ਵਿੱਚ ਇਸ ਦਾ ਰਸਮੀ ਉਦਘਾਟਨ ਕੀਤਾ।

'ਅਜੀਤ' ਤੇ 'ਦ੍ਰਿਸ਼ਟੀ' ਆਦਿ ਪੱਤਰਾਂ ਨੇ 'ਹਿੰਦ ਦੀ ਚਾਦਰ' ਦੀ ਪੇਸ਼ਕਾਰੀ ਨੂੰ ਪੰਜਾਬ ਅੰਦਰ ਸਭਿਆਚਾਰਕ ਕਰਾਂਤੀ ਵੱਲ ਚੁੱਕਿਆ ਠੋਸ ਕਦਮ ਰਿਹਾ। ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਰੰਗ। ਮੰਚ ਦੇ ਇਤਿਹਾਸ ਵਿੱਚ 'ਹਿੰਦ ਦੀ ਚਾਦਰ' ਨੇ ਨਵੇਂ ਟੀਚੇ ਸਥਾਪਤ ਕੀਤੇ ਹਨ। ਇਸ ਨੇ ਥੀਏਟਰ ਨੂੰ ਸਿੱਧਾ ਜਨਤਾ ਨਾਲ ਜੋੜ ਦਿੱਤਾ ਹੈ। ਦਰਅਸਲ ਦਰਸ਼ਕ ਹੀ ਡਰਾਮੇ ਦੇ ਅਸਲ ਪਾਰਖੂ ਅਤੇ ਸਰਪ੍ਰਸਤ ਹੁੰਦੇ ਹਨ।

ਪਹਿਲੀ ਨਵੰਬਰ ਤੋਂ 29 ਦਸੰਬਰ ਤੱਕ 'ਹਿੰਦ ਦੀ ਚਾਦਰ' ਪੰਜ ਲੱਖ ਤੋਂ ਉੱਤੇ ਦਰਸ਼ਕ ਦੇਖ ਚੁੱਕੇ ਹਨ। ਸਿੱਖ ਨੈਸ਼ਨਲ ਕਾਲਜ ਬੰਗਾ ਤੇ ਖੁਲ੍ਹੇ ਮੈਦਾਨ ਵਿੱਚ ਦਰਸ਼ਕਾਂ ਦੀ ਗਿਣਤੀ 15 ਹਜ਼ਾਰ ਦੇ ਕਰੀਬ ਸੀ। ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਬੱਸਾਂ, ਟਰੱਕਾਂ ਤੇ ਟਰੈਕਟਰਾਂ ਉੱਤੇ ਬੈਠ ਕੇ ਚੁੱਪ ਚਾਪ ਨਾਟਕ ਦੇਖ ਰਹੇ ਸਨ। ਪ੍ਰਾਚੀਨ ਯੂਨਾਨੀ ਥੀਏਟਰ ਵਿੱਚ ਦਰਸ਼ਕਾਂ ਦੀ ਗਿਣਤੀ ਵੱਧ ਤੋਂ ਵੱਧ ਦਸ ਹਜ਼ਾਰ ਦਸੀ ਜਾਂਦੀ ਹੈ ਪਰ 7 ਦਸੰਬਰ ਨੂੰ ਬਾਬਾ ਬਕਾਲਾ ਵਿੱਚ ਦਰਸ਼ਕਾਂ ਦੀ ਹਾਜ਼ਰੀ 60 ਹਜ਼ਾਰ ਦੇ ਕਰੀਬ ਸੀ। 8 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਦੇ ਜਨਮ ਦਿਵਸ ਤੇ ਪਿੰਡ ਉੜਾਪੜ ਖੇਡਿਆ ਜਾਣਾ ਨੀਅਤ ਹੋਇਆ।

ਪੰਜਾਬ ਵਿੱਚ ਪਹਿਲੀ ਦਫ਼ਾ 15 ਚੋਣਵੇਂ ਅਦਾਕਾਰ ਸਾਰੇ ਵਕਤ ਲਈ ਥੀਏਟਰ ਨਾਲ ਜੁੜੇ ਹਨ। ਪੰਜਾਬ ਵਿੱਚ ਵਿਵਹਾਰਕ ਥੀਏਟਰ ਸਥਾਪਤ ਕਰਨ ਵੱਲ ਇਹ ਪਹਿਲਾ ਕਦਮ ਹੈ। ਸ: ਸਾਧੂ ਸਿੰਘ ਹਮਦਰਦ ਨੇ ਇਸ ਸਭਿਆਚਾਰ ਯਾਤਰਾ ਨੂੰ ਕਰਾਂਤੀ ਦਾ ਦਰਜਾ ਦਿੱਤਾ ਹੈ ਜੋ ਬਹੁਤ ਹੱਦ ਤੱਕ ਸਹੀ ਹੈ।

'ਚਮਕੌਰ ਦੀ ਗੜ੍ਹੀ' ਤੋਂ ਬਾਅਦ ਹਰਪਾਲ ਟਿਵਾਣਾ ਦਾ ਇਹ ਦੂਜਾ ਨਾਟਕ ਹੈ ਜੋ ਇੰਗਲੈਂਡ ਕੈਨੇਡਾ, ਤੇ ਅਮਰੀਕਾ ਦੇ ਮਹਾਂ ਨਗਰਾਂ ਵਿੱਚ ਪੇਸ਼ ਕੀਤਾ ਜਾਵੇਗਾ।

ਵਾਈਸ ਚਾਂਸਲਰ ਸਰਦਾਰਨੀ ਇੰਦਰਜੀਤ ਕੌਰ ਸੰਧੂ ਦੀ ਕੋਠੀ ਵਿੱਚ 'ਹਿੰਦ ਦੀ ਚਾਦਰ' ਦਾ ਮੈਂ ਪਹਿਲਾ ਪਾਠ ਸੁਣਾਇਆ। ਵਾਈਸ ਚਾਂਸਲਰ ਸਾਹਿਬਾ ਤੋਂ ਬਿਨਾਂ ਸਰੋਤਿਆਂ ਵਿੱਚ ਗਿਆਨੀ ਗੁਰਦਿੱਤ ਸਿੰਘ, ਪ੍ਰੋ. ਗੁਰਬਚਨ ਸਿੰਘ ਤਾਲਿਬ, ਪ੍ਰਿੰਸੀਪਲ ਸਤਬੀਰ ਸਿੰਘ, ਡਾ: ਗੁਰਚਰਨ ਸਿੰਘ ਅਨੰਦ, ਸ੍ਰੀ ਰਜਨੀਸ਼ ਕੁਮਾਰ, ਹਰਪਾਲ ਤੇ ਨੀਨਾ ਟੀਵਾਣਾ, ਅਰਜਨ ਸਿੰਘ ਚਾਵਲਾ ਆਦਿ ਸਨ। ਸਭਨਾਂ ਦਾ ਮੈਂ ਚੰਗੇ ਸੁਝਾਵਾਂ ਲਈ ਧੰਨਵਾਦੀ ਹਾਂ। ਦੂਜੀ ਬੈਠਕ ਵਿੱਚ ਜੋ ਸ: ਇੰਦਰਜੀਤ ਸਿੰਘ (ਰਿਟਾਇਰਡ ਆਈ.ਏ.ਐਸ.) ਦੀ ਕੋਠੀ ਨਵੀਂ ਦਿੱਲੀ ਵਿੱਚ ਹੋਈ 50 ਦੇ ਕਰੀਬ ਪ੍ਰਸਿੱਧ ਸਿੱਖ ਵਿਦਵਾਨ ਤੇ ਪ੍ਰਤਿਸ਼ਟ ਸੱਜਨ ਸ਼ਾਮਲ ਸਨ ਜਿਵੇਂ, ਜਸਟਸ ਪ੍ਰੀਤਮ ਸਿੰਘ ਸਫ਼ੀਰ, ਚੇਅਰਮੈਨ ਇੰਦਰਜੀਤ ਸਿੰਘ, ਜੱਥੇਦਾਰ ਸੰਤੋਖ ਸਿੰਘ, ਪ੍ਰਿੰਸੀਪਲ ਗੁਰਦਿਆਲ ਸਿੰਘ ਢਿੱਲੋਂ, ਗਿਆਨੀ ਭਜਨ ਸਿੰਘ ਆਦਿ।

ਅੰਤ ਵਿੱਚ ਮੈਂ ਡਾ. ਐਮ.ਐਸ. ਰੰਧਾਵਾ, ਸ਼੍ਰੀ ਇਬਰਾਹੀਮ ਅਲਕਾਜ਼ੀ ਹਰਪਾਲ ਤੇ ਨੀਨਾ ਟਿਵਾਣਾ ਅਤੇ ਅਦਾਕਾਰਾਂ ਦਾ ਹਾਰਦਿਕ ਧੰਨਵਾਦੀ ਹਾਂ ਜਿਨ੍ਹਾਂ ਨੇ 'ਹਿੰਦ ਦੀ ਚਾਦਰ' ਨੂੰ ਮੰਚ ਉੱਤੇ ਸੁੱਚਜੇ ਢੰਗ ਨਾਲ ਸਾਕਾਰ ਕੀਤਾ। ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰਗਿਲ, ਗੁਰੂ ਗੋਬਿੰਦ ਸਿੰਘ ਕਾਲਜ ਦਾ ਵੀ ਮੈਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਹ ਨਾਟਕ ਲਿਖਣ ਲਈ ਪ੍ਰੇਰਿਆ। ਅਮਰੀਕ ਸਿੰਘ ਬਣਵੈਤ ਨੇ ਇਸ ਨਾਟਕ ਦੀ ਸਕ੍ਰਿਪਟ ਤਿਆਰ ਕਰਨ ਵਿੱਚ ਮੇਰੀ ਸਹਾਇਤਾ ਕੀਤੀ। ਰਿਣੀ ਹਾਂ ਉਨ੍ਹਾਂ ਕਾਲਜਾਂ ਦੇ ਪ੍ਰਿੰਸੀਪਲਾਂ ਤੇ ਸੰਸਥਾਵਾਂ ਦੇ ਮੁੱਖ ਪ੍ਰਬੰਧਕਾਂ ਦਾ ਜਿਨ੍ਹਾਂ ਨੇ ਇਸ ਨਾਟਕ ਨੂੰ ਖੇਡਣ ਦਾ ਸੱਦਾ ਦਿੱਤਾ। ਉਨ੍ਹਾਂ ਲੱਖਾਂ ਦਰਸ਼ਕਾਂ ਦੀਆਂ ਸ਼ੁਭ ਭਾਵਨਾਵਾਂ ਨੂੰ ਮੈਂ ਅੰਤ੍ਰੀਵ ਤੌਰ ਤੇ ਮਹਿਸੂਸ ਕਰਦਾ ਹਾਂ ਜਿਨ੍ਹਾਂ ਨੇ ਵੱਖ-ਵੱਖ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿੱਚ ਇਸ ਨਾਟਕ ਨੂੰ ਦੇਖਿਆ ਤੇ ਸਲਾਹਿਆ।

ਮੁੱਖੀ, ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ
29-12-75

ਹਰਚਰਨ ਸਿੰਘ



ਨਗਾਹੀਆ : ਜਦੋਂ ਤੂੰ ਤੇ ਤੇਰਾ ਸ਼ਹਿਨਸ਼ਾਹ ਮਿੱਟੀ ਵਿੱਚ ਰੁਲ ਖੁਲ ਜਾਉਗੇ, ਗੁਰੂ ਤੇਗ਼ ਬਹਾਦਰ ਦਾ ਰੂਹਾਨੀ ਸੰਦੇਸ਼ ਜੁਗਾਂ ਜੁਗਾਂਤਰਾਂ ਤਕ ਸੱਚ, ਪਿਆਰ ਤੇ ਸੁਤੰਤਰਤਾ ਦਾ ਸਬਕ ਸਿਖਾਂਦਾ ਰਹੇਗਾ।

ਪਾਤਰ

1. ਸ਼ਾਹੀ ਢੰਡੋਰਚੀ
2. ਤਮਾਸ਼ਬੀਨ (ਸੂਫ਼ੀ ਫ਼ਕੀਰ, ਇੱਕ ਲੜਕਾ, ਇੱਕ ਨੌਜਵਾਨ ਤੇ ਮੌਲਵੀ ਆਦਿ)
3. ਜੈਤਾ
4. ਮਾਸ਼ਕੀ
5. ਨਨੂਆਂ
6. ਦਰੋਗਾ ਖ਼ਵਾਜ਼ਾ ਅਬੁਦੱਲਾ/ਕੋਤਵਾਲ
7. ਦਿੱਲੀ ਦੇ ਸਿੱਖਾਂ ਦਾ ਵਫ਼ਦ (ਤਿੰਨ ਸਿੱਖ)
8. ਕਸ਼ਮੀਰੀ ਪੰਡਤ (ਕਿਰਪਾ ਰਾਮ ਤੇ ਖ਼ੂਗਾ ਮੁਖੀ)
9. ਸੂਫ਼ੀ ਫ਼ਕੀਰ
10. ਭਾਈ ਲੱਖੀ ਸ਼ਾਹ, ਨਗਾਹੀਆ, ਜਵਾਹਰ ਆਦਿ
11. ਪਾਗ਼ਲ ਔਰਤ
12. ਤਿੰਨ ਰਾਜਪੂਤ ਨੌਜਵਾਨ
13. ਜੱਲਾਦ ਜਲਾਲਉੱਦੀਨ
14. ਕਾਜ਼ੀ ਅਬਦੁਲ ਵਾਹਾਬ ਬੋਹਰਾ
15. ਨਾਜ਼ਰ, ਮਦਦ ਮੁਹੱਰਰ

- ਸੰਗੀਤ ਮੰਡਲੀ, ਜਨਤਾ ਦੇ ਪ੍ਰਤੀਨਿਧ, ਤਮਾਸ਼ਬੀਨ, ਬਕਤਰਪੋਸ਼ ਆਦਿ।

ਪਹਿਲੇ ਨਾਟ ਦਾ ਕਾਰਜ ਫਤਹਪੁਰੀ ਲਾਗੇ ਅਤੇ ਕੋਤਵਾਲੀ ਚਾਂਦਨੀ ਚੌਕ ਸਾਹਮਣੇ ਵਾਪਰਦਾ ਹੈ। ਦੂਜੇ ਨਾਟ ਦਾ ਕਾਰਜ ਫ਼ਤਹਪੁਰੀ ਅਤੇ ਜਾਮਾ ਮਸਜਿਦ ਲਾਗੇ ਕਾਜ਼ੀ ਉਲਕਾਜ਼ਾਤ ਦੀ ਕਚਹਿਰੀ ਵਿੱਚ ਸ਼ਹੀਦੀ ਤੋਂ ਕੁਝ ਦਿਨ ਬਾਅਦ ਦਾ ਹੈ।



## ਪਹਿਲਾ ਅੰਕ

### ਪਹਿਲੀ ਝਾਕੀ

ਸੰਮਤ : 1732 ਬਿਕ੍ਰਮੀ

ਦਿਨ : ਬੁਧਵਾਰ ਸ਼ਾਮ

ਫ਼ਤਹਪੁਰੀ ਮਸਜਿਦ ਲਾਗੇ ਚੋਕ ਵਿੱਚ ਸ਼ਾਹੀ ਢੰਡੋਰਚੀ ਡੱਫ ਵਜਾਂਦਾ ਹੈ। ਆਵਾਜ਼ ਸੁਣ ਕੇ ਲੋਕੀਂ ਉਸ ਦੇ ਦੁਆਲੇ ਇਕੱਠੇ ਹੁੰਦੇ ਹਨ। ਉਨ੍ਹਾਂ ਵਿੱਚ ਖ਼ਾਸ ਤੌਰ ਤੇ ਇੱਕ ਸੂਫ਼ੀ ਫ਼ਕੀਰ ਤੇ ਇੱਕ ਨੌਜਵਾਨ ਸਿਰਕੱਢ ਹਨ।

ਢੰਡੋਰਚੀ : ਸੁਣੋ ! ਜ਼ਮੀਨ ਤੇ ਖ਼ਲਕਤ ਖ਼ੁਦਾ ਦੀ, ਹੁਕਮ ਸਰਕਾਰ ਦਾ ਸੁਣੋ !! ਅਬੁੱਲ ਮੁਜ਼ਫਰ ਮਹੀਉਦੀਨ ਮੁਹੰਮਦ ਔਰੰਗਜ਼ੇਬ ਬਹਾਦਰ ਆਲਮਗੀਰ ਪਾਤਸ਼ਾਹ ਗਾਜ਼ੀ ਦਾ ਫ਼ੁਰਮਾਨ।

ਕੱਲ੍ਹ ਦਿਨ ਵੀਰਵਾਰ, ਦੋ ਪਹਿਰ ਦਿਨ ਦੇ ਚੜ੍ਹਾ, ਕੋਤਵਾਲੀ ਚਾਂਦਨੀ ਚੌਕ ਦੇ ਸਾਹਮਣੇ, ਚੌਰਾਹਾ ਕਤਲਗਾਹ ਵਿੱਚ ਜਿੱਥੇ ਕੱਲ੍ਹ ਤਿੰਨ ਸਿੱਖ ਮੌਤ ਦੇ ਘਾਟ ਉਤਾਰੇ ਗਏ ਸਨ।

ਇਕ ਬੰਦਾ : ਅੱਜ ਕੋਈ ਖ਼ਾਸ ਐਲਾਨ ਲੱਗਦਾ ਹੈ।

ਦੂਜਾ ਬੰਦਾ : ਸੁਣੋ ਤਾਂ ਸਹੀ !

ਢੰਡੋਰਚੀ : ਸੁਣੋ ! ਸੁਣੋ!! ਸਿੱਖਾਂ ਦੇ ਨੌਵੇਂ ਪੀਰ ਤੇਗ਼ ਬਹਾਦਰ ਦਾ ਚੌਰਾਹਾ ਕਤਲਗਾਹ ਵਿੱਚ ਸ਼ਰੇਆਮ ਸਿਰ ਕਲਮ ਕੀਤਾ ਜਾਵੇਗਾ। (ਸਰੋਤਿਆਂ ਵਿੱਚ ਅਤਿ ਦਰਦ ਭਰਿਆ ਹੁੰਗਾਰਾ।) ਸੰਗੀਨ ਮਾਮਲਾ ਹੋਣ ਕਰਕੇ ਕਾਜ਼ੀ-ਉਲ-ਕਜਾਤ ਜਨਾਬ ਅਬਦੁਲ ਵਾਹਾਬ ਬੋਹਰਾ ਖ਼ੁਦ ਫ਼ਤਵਾ ਸੁਣਾਉਣਗੇ। ਹਰ ਬਸ਼ਰ ਮੌਕੇ ਤੇ ਹਾਜ਼ਰ ਹੋ ਸਕਦਾ ਹੈ।

(ਡੱਫ ਵਜਾਂਦਾ ਚਲਾ ਜਾਂਦਾ ਹੈ। ਕੁਝ ਪਲ ਸੰਨਾਟਾ ਛਾਇਆ ਰਹਿੰਦਾ ਹੈ।)

ਸੂਫ਼ੀ ਫਕੀਰ : ਯਾ ਅਲ੍ਹਾ ! ਇਸ ਮੁਲਕ ਦਾ ਕਿਆ ਬਣੇਗਾ !

ਸਹਾਇਕ : ਦਾਦਾ, ਤੂੰ ਐਡਾ ਲੰਮਾ ਹਉਕਾ ਕਿਉਂ ਲਿਆ ?

ਫ਼ਕੀਰ : ਜਿੱਥੇ ਪੀਰਾਂ ਫ਼ਕੀਰਾਂ ਨੂੰ ਸੱਚ ਬੋਲਣ ਪਿੱਛੇ ਕਤਲ ਕੀਤਾ ਜਾਵ ਉੱਥੇ ਜੀਣ ਦਾ ਕੀ ਹੱਜ ਹੈ ?

ਮੌਲਵੀ : ਇਸਲਾਮ ਦਾ ਮੁਹਾਫਿਜ਼ ਆਲਮਗੀਰ ਖ਼ੁਦ ਪੀਰਾਂ ਦਾ ਪੀਰ ਹੈ।

ਫ਼ਕੀਰ : (ਗੁੱਸੇ ਨਾਲ) ਪੀਰ ਹੈ? ਪਿਉ ਨੂੰ ਤੜਫ਼ਾ ਤੜਫ਼ਾ ਕੇ ਮਾਰਨ ਵਾਲਾ ਔਰ ਭਰਾਵਾਂ ਦੇ ਖ਼ੂਨ ਵਿੱਚ ਨਹਾਉਣ ਵਾਲਾ ਪੀਰ ਹੈ ?

ਸਹਾਇਕ : ਦਾਦਾ ! ਬਾਦਸ਼ਾਹ ਨੇ ਵੀ ਪੜਤਾਲ ਪਿਛੋਂ ਕਤਲ ਦਾ ਹੁਕਮ ਦਿੱਤਾ ਹੋਊ।

ਮੌਲਵੀ : ਆਲਮਗੀਰ ਨੇ ਕੁਫਰ ਦੀ ਅਵਾਜ਼ ਬੰਦ ਕਰਨ ਲਈ ਸਖ਼ਤ ਕਦਮ ਚੁੱਕਿਆ ਹੈ।

ਨੌਜਵਾਨ : (ਰੁਖੀ ਤਰ੍ਹਾਂ) ਪਹਿਲਾਂ ਬਜ਼ੁਰਗ ਦੀ ਗੱਲ ਸੁਣ, ਉਸਨੇ ਉਮਰ ਭੋਗੀ ਹੈ। ਐਵੇਂ ਨਾ ਜੋਸ਼ ਵਿੱਚ ਭੁੜਕ।

ਫਕੀਰ : ਬੱਚਿਓ, ਤੁਸੀਂ ਅਜੇ ਜਵਾਨ ਹੋ, ਮੇਰੀ ਉਮਰ ਸੌ ਸਾਲ ਤੋਂ ਉੱਤੇ ਹੈ। ਮੈਂ ਅਕਬਰ ਦੇ ਰਾਜ ਦੇ ਅੰਤਲੇ ਦਿਨ ਦੇਖੇ ਨੇ। ਹਿਦੂਆਂ ਨੂੰ ਪੂਜਾ ਪਾਠ ਕਰਨ ਦੀ ਮੁਕੰਮਲ ਆਜ਼ਾਦੀ ਸੀ। ਸਭ ਫਿਰਕੇ ਭਰਾਵਾਂ ਵਾਂਗ ਵੱਸਦੇ ਸਨ। ਬਹਾਦਰ ਰਾਜਪੂਤ ਮੁਗ਼ਲੀਆ ਸਲਤਨਤ ਦੇ ਥੰਮ੍ਹ ਬਣੇ ਹੋਏ ਸਨ।

ਸਹਾਇਕ : ਤੇ ਦਾਦਾ, ਅੱਜ ਕੱਲ੍ਹ ਵੀ ਠੀਕ ਹੈ।

ਫ਼ਕੀਰ : ਨਹੀਂ ! ਚੌਧਰੀ ਰੁਲਦੂ ਰਾਮ ਵੱਲ ਦੇਖੋ, ਕਿੱਦਾਂ ਸਹਿਮਿਆ ਖੜਾ ਹੈ। ਉਭਾਸਰਦਾ ਤੱਕ ਨਹੀਂ।

ਮੌਲਾਨਾ : ਇਸਲਾਮੀ ਹਕੂਮਤ ਵਿੱਚ ਇਹ ਲੋਕ ਜ਼ਿਮੀ ਨੇ, ਘਟੀਆ ਦਰਜੇ ਦੀ ਪਰਜਾ।

ਫ਼ਕੀਰ : ਕਿਉਂ, ਇਹ ਉਸੇ ਖ਼ੁਦਾ ਦੇ ਪੈਦਾ ਕੀਤੇ ਹੋਏ ਨਹੀਂ ? ਇਨਸਾਨ ਸਭ ਇੱਕ ਬਰਾਬਰ ਹਨ।

ਮੌਲਾਨਾ : ਬਜ਼ੁਰਗਾ, ਤੂੰ ਸ਼ਰ੍ਹਾ ਦੇ ਖਿਲਾਫ਼ ਬੋਲ ਰਿਹਾਂ।

ਫ਼ਕੀਰ : ਮੈਂ ਤੇਰੇ ਨਾਲੋਂ ਜ਼ਿਆਦਾ ਸ਼ਰ੍ਹਾ ਨੂੰ ਸਮਝਦਾਂ ਹਾਂ, ਤੇਰੇ ਵਾਂਗ ਲੰਮੀ ਦਾੜ੍ਹੀ ਰੱਖ ਕੇ ਪਾਖੰਡ ਭਾਵੇਂ ਨਹੀਂ ਕਰਦਾ।



ਮੌਲਾਨਾ : ਤੂੰ ਕੁਲ ਮੌਲਵੀਆਂ ਦਾ ਮਖ਼ੌਲ ਉਡਾ ਰਿਹਾਂ।

ਫ਼ਕੀਰ : ਹਰਗਿਜ਼ ਨਹੀਂ।

ਨੌਜਵਾਨ : ਜ਼ਬਾਨ ਬੰਦ ਰੱਖ, ਤੁਹਾਡੇ ਤੰਗ ਨਜ਼ਰੀਏ ਨੇ ਹੀ ਸਾਰੇ ਪੁਆੜੇ ਪਾਏ ਹੋਏ ਨੇ।

ਮੌਲਾਨਾ : ਆਲਮਗੀਰ ਮੋਮਨ ਹੁਕਮਰਾਨ ਹੈ। ਉਹ ਹਿੰਦ ਨੂੰ ਦਰਉਲ-ਇਸਲਾਮ ਵਿੱਚ ਤਬਦੀਲ ਕਰਨ ਦਾ ਸੱਚੇ ਦਿਲੋਂ ਖ਼ਾਹਿਸ਼ਮੰਦ ਹੈ।

ਫ਼ਕੀਰ : ਆਲਮਗੀਰ ਬੇਸ਼ੱਕ ਚੰਗਾ ਮੁਸਲਮਾਨ ਹੈ ਮਗਰ ਕਾਮਯਾਬ ਹੁਕਮਰਾਨ ਨਹੀਂ।

ਮੌਲਾਨਾ : ਬਜ਼ੁਰਗਾ! ਇਹ ਕਿਆ ਕੁਫਰ ਤੋਲਿਆ ਹੈ ?

ਨੌਜਵਾਨ : ਦਰਵੇਸ਼ ਨੇ ਸੱਚ ਕਿਹਾ, ਆਹਲਾ ਹੁਕਮਰਾਨ ਕੁਲ ਰਿਆਇਆ ਦੀ ਬਹਿਬੂਦੀ ਚਾਹੁੰਦਾ ਹੈ।

ਫ਼ਕੀਰ : ਮੁਲਕ ਵਿੱਚ ਗ਼ਰੀਬੀ ਔਰ ਬੇਚੈਨੀ ਦਿਨੋ ਦਿਨ ਵੱਧ ਰਹੀ ਹੈ। ਕਿਤੇ ਨਾ ਕਿਤੇ ਕਾਲ ਪਿਆ ਰਹਿੰਦਾ ਹੈ।

ਮੌਲਾਨਾ : ਆਲਮਗੀਰ ਵਰਗਾ ਸਖ਼ੀ ਬਾਦਸ਼ਾਹ ਨਾ ਕਦੇ ਹੋਇਆ ਤੇ ਨਾ ਕਦੇ ਹੋਣਾ। ਮੰਗਤੇ ਫ਼ਕੀਰਾਂ ਲਈ ਹਜ਼ਾਰਾਂ ਲੱਖਾਂ ਮਸੀਤਾਂ ਦੇ ਦਰਵਾਜੇ ਖੋਲ੍ਹ ਦਿੱਤੇ ਹਨ।

ਫ਼ਕੀਰ : ਇਹੋ ਤਾਂ ਸਬੂਤ ਹੈ, ਮੁਲਕ ਦੀ ਬਦਕਿਸਮਤੀ ਦਾ, ਜਿੱਥੇ ਮੰਗਤੇ ਫ਼ਕੀਰਾਂ ਦੀ ਤਾਦਾਦ ਬਹੁਤ ਹੋਵੇ ਉੱਥੇ ਦੇਸ਼ ਦੀ ਮਾਲੀ ਹਾਲਤ ਖ਼ਸਤਾ ਹੁੰਦੀ ਹੈ।

ਮੌਲਾਨਾ : ਤੂੰ ਦਾਰਾ ਸ਼ਿਕੋਹ ਦਾ ਹਾਮੀ ਲਗਦੈਂ, ਆਪਣੇ ਖ਼ਿਆਲਾਤ ਹਿੱਕ ਵਿੱਚ ਲੁਕਾਈ ਰੱਖ ਵਰਨਾ ਖ਼ਤਾ ਖਾਵੇਂਗਾ।

ਫ਼ਕੀਰ : ਤੂੰ ਮੇਰੀ ਚਿੰਤਾ ਨਾ ਕਰ।

ਮੌਲਾਨਾ : ਸਖ਼ਤੀ ਤੋਂ ਬਗੈਰ ਹਕੂਮਤ ਹੋ ਹੀ ਨਹੀਂ ਸਕਦੀ।

ਫ਼ਕੀਰ : ਬਰਖੁਰਦਾਰ ਜ਼ੋਰ ਜਬਰ ਨਾਲ ਪਰਜਾ ਨੂੰ ਧਮਕਾਇਆ ਜਾ ਸਕਦਾ, ਆਪਣਾ ਨਹੀਂ ਬਣਾਇਆ ਜਾ ਸਕਦਾ।

ਮੌਲਾਨਾ : ਕਿਸੇ ਵੀ ਮੁਸਲਮਾਨ ਬਾਦਸ਼ਾਹ ਨੇ ਅੱਜ ਤੱਕ ਇਸਲਾਮ ਦੀ ਐਨੀ ਖ਼ਿਦਮਤ ਨਹੀਂ ਕੀਤੀ।

ਫ਼ਕੀਰ : ਬਿਲਕੁਲ ਗ਼ਲਤ! ਸੂਫ਼ੀ ਫ਼ਕੀਰਾਂ ਨੇ ਪਿਆਰ ਮੁਹੱਬਤ ਨਾਲ

ਇਸਲਾਮ ਦਾ ਕਿਤੇ ਜ਼ਿਆਦਾ ਪਰਚਾਰ ਕੀਤਾ ਹੈ। ਅੱਜ ਮੁਲਕ ਵਿੱਚ ਨਫ਼ਰਤ ਔਰ ਤਸ਼ੱਦਦ ਦਾ ਰਾਜ ਹੈ।

ਮੌਲਾਨਾ : ਸਿੱਖਾਂ ਦਾ ਗੁਰੂ ਮੁਕਾਬਲੇ ਵਿੱਚ ਹਕੂਮਤ ਖੜੀ ਕਰ ਰਿਹਾ ਸੀ। ਕੋਈ ਵੀ ਬਾਦਸ਼ਾਹ ਬਰਦਾਸ਼ਤ ਨਹੀਂ ਕਰ ਸਕਦਾ।

ਫ਼ਕੀਰ : ਅਸਲੋਂ ਗ਼ਲਤ ! ਸਿੱਖੀ ਦੋ ਸੌ ਸਾਲ ਦੇ ਕਰੀਬ ਪੁਰਾਣੀ ਹੈ। ਸਿੱਖ ਗੁਰੂ ਫ਼ਕਤ ਨੇਕੀ ਔਰ ਸਚਾਈ ਦਾ ਰੂਹਾਨੀ ਸਬਕ ਸਿਖਾਂਦੇ ਨੇ। ਬਿਨਾਂ ਕਿਸੇ ਵਿਤਕਰੇ ਦੇ।

ਨੌਜਵਾਨ : ਬਜ਼ੁਰਗਵਾਰ, ਇਹ ਨਿਰਾ ਮਜ਼ਹਬੀ ਮਾਮਲਾ ਨਹੀਂ, ਇਸ ਪਿੱਛੇ ਕੋਈ ਡੂੰਘੀ ਸਿਆਸੀ ਚਾਲ ਹੈ।

ਮੌਲਾਨਾ : ਜਾਹ, ਜਾਹ ਆਇਆ ਬੜੀਆ ਚਾਲਾਂ ਦੱਸਣ ਵਾਲਾ ਕੱਲ੍ਹ ਦਾ ਛੋਕਰਾ।

ਨੌਜਵਾਨ : ਤੂੰ ਵੀ ਠਪਿਆ ਰਹੁ ਹੋਰ ਮੈਥੋਂ ਘਸੁੰਨ ਖਾ ਬੈਠੇਂਗਾ।

ਮੌਲਾਨਾ : (ਸ਼ੱਕੀ ਨਜ਼ਰ ਨਾਲ ਦੇਖਦਾ ਹੋਇਆ) ਪਰ ਤੂੰ ਹੈ ਕੌਣ ?

ਨੌਜਵਾਨ : ਮੈਂ ? ਹਾਲਾਤ ਦਾ ਹਾਣੀ, ਜਨਤਾ ਦੀ ਆਵਾਜ਼ !

ਫ਼ਕੀਰ : ਕਿਉਂ ਖ਼ਾਹ-ਮੁਖ਼ਾਹ ਝਗੜਦੇ ਹੋ। ਮੇਰਾ ਕਹਿਣਾ ਯਾਦ ਰੱਖਿਓ, ਪੰਜਾਬ ਵਿੱਚ ਇਸ ਜ਼ੋਰ ਜ਼ੁਲਮ ਖ਼ਿਲਾਫ਼ ਜ਼ਬਰਦਸਤ ਆਵਾਜ਼ ਪੈਦਾ ਹੋਵੇਗੀ। ਪੰਜਾਬੀਆਂ ਦੀ ਖ਼ਸਲਤ ਨੂੰ ਮੈਂ ਚੰਗੀ ਤਰ੍ਹਾਂ ਜਾਣਦਾਂ। ਇਨ੍ਹਾਂ ਨੇ ਸਿਕੰਦਰ ਆਜ਼ਮ ਦੇ ਪੈਰ ਨਹੀਂ ਲੱਗਣ ਦਿੱਤੇ। ਇਨ੍ਹਾਂ ਦੇ ਜਿਗਰੇ ਤੇ ਜੁੱਸੇ ਪਹਾੜਾਂ ਵਰਗੇ ਨੇ। ਬਰਦਾਸ਼ਤ ਔਰ ਕੁਰਬਾਨੀ ਦਾ ਬੇਅੰਤ ਮਾਦਾ ਹੈ ਪਰ ਜੇ ਕੋਈ ਇਨ੍ਹਾਂ ਨਾਲ ਖ਼ਾਹਮਖ਼ਾਹ ਛੇੜਖਾਨੀ ਕਰੇ ਤਾਂ ਇਹ ਲੋਕ-ਦੁਸ਼ਮਣ ਵੀ ਡਾਢੇ ਨੇ।

(ਮੌਲਾਨਾ ਗੁੱਸੇ ਨਾਲ ਨੌਜਵਾਨ ਨੂੰ ਤਾੜਦਾ ਚਲਾ ਜਾਂਦਾ ਹੈ।)

ਸਹਾਇਕ : ਦਾਦਾ, ਬੈਠ ਕਿਉਂ ਗਿਆ ?

ਫ਼ਕੀਰ : ਮੇਰਾ ਦਿਲ ਕੰਬਣ ਲੱਗ ਪਿਆ। ਡਰ ਲੱਗਦਾ ਕਿਤੇ ਦਿੱਲੀ ਵਾਸੀਆਂ ਉੱਤੇ ਰੱਬੀ ਕਹਿਰ ਨਾਜ਼ਲ ਨਾ ਹੋ ਜਾਏ।

ਨੌਜਵਾਨ : ਆਓ ਤੁਹਾਨੂੰ ਜਾਮਾ ਮਸਜਿਦ ਛੱਡ ਆਵਾਂ। ਇਬਾਦਤ ਕਰੋ, ਤੁਹਾਡਾ ਦਿਲ ਟਿਕਾਣੇ ਆਵੇ।

ਫ਼ਕੀਰ : ਬੇਟਾ, ਸਭ ਤੋਂ ਵੱਡੀ ਇਬਾਦਤ ਇਨਸਾਨੀ ਖ਼ਿਦਮਤ ਹੈ ਜੋ ਸਿੱਖਾਂ ਦਾ ਪੀਰ ਕਰ ਰਿਹਾ ਹੈ। (ਉਪਰ ਵੱਲ ਨੂੰ ਹੱਥ ਉੱਚੇ ਕਰਕੇ) ਯਾ ਅੱਲ੍ਹਾ! ਗੁਮਰਾਹਾਂ ਨੂੰ ਨੇਕੀ ਦੇ ਰਾਹ ਪਾ!!



## ਦੂਜੀ ਝਾਕੀ

ਦਿਨ : ਵੀਰਵਾਰ, ਮੱਘਰ ਸੁਦੀ ਪੰਜ

ਵਕਤ : ਮੂੰਹ ਹਨੇਰਾ

ਸਥਾਨ : ਚੌਰਾਹਾ ਕਤਲਗਾਹ

ਦ੍ਰਿਸ਼ : ਮੰਚ ਦੇ ਵਿਚਕਾਰ ਸੂਲੀ ਦੀ ਸ਼ਕਲ ਦਾ ਵੱਡਾ ਥੰਮ੍ਹ ਦਿਖਾਈ ਦਿੰਦਾ ਹੈ। ਲਾਲ ਕਿਲੇ ਵਲੋਂ ਘੜਿਆਲ ਦੀ ਟੁਣਕਾਰ। ਸ਼ਹਿਰ ਦੇ ਕਈ ਪਾਸਿਆਂ ਤੋਂ ਇੱਕੋ ਵਕਤ ਵੱਖ-ਵੱਖ ਸੁਰਾਂ ਵਿੱਚ ਫਜਰ ਦੀ ਅਜ਼ਾਨ।

ਜੈਤਾ : (ਝਾੜੂ ਦਿੰਦਾ ਹੋਇਆ ਰੁਕ ਕੇ) ਚੌਹੀਂ ਪਾਸੀਂ ਰੱਬੀ ਏਕਤਾ ਤੇ ਵਡੱਤਣ ਦੀ ਆਵਾਜ਼ ਗੂੰਜ ਰਹੀ ਹੈ। ਫੇਰ ਵੀ ਮਨੁੱਖ ਦਰਵੇਸ਼ ਉੱਤੇ ਕਹਿਰ ਢੋਣੋਂ ਨਹੀਂ ਡਰਦਾ। ਕੀ ਇਨਸਾਨ ਵਿੱਚੋਂ ਪਸ਼ੂ ਬਿਰਤੀ ਖਾਰਜ ਕਰਨ ਲਈ ਕੁਰਬਾਨੀ ਲਾਜ਼ਮੀ ਹੈ ? ਹੈਂ! ਇਹ ਕੀ ? ਕੀ ਇਹ ਰੱਬੀ ਸਦ ਮੇਰੇ ਸਵਾਲ ਦਾ ਜਵਾਬ ਹੈ ?

(ਉਪਰ ਵਲ ਦੇਖਦਾ ਹੈ।)

ਅਵਾਜ਼ : (ਉੱਚੀ ਸੁਰ ਵਿੱਚ ਅਲਾਪ ਸੁਣਾਈ ਦਿੰਦਾ ਹੈ) :

'ਸੂਰਾ ਸੋ ਪਹਿਚਾਨੀਐ ਲਰੈ ਦੀਨ ਕੇ ਹੇਤ।

ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨ ਛਾਡੈ ਖੇਤੁ।

(ਕੋਤਵਾਲੀ ਵਲ ਦਰੋਗਾ ਦਿਖਾਈ ਦਿੰਦਾ ਹੈ ਪਹਿਰੇਦਾਰ ਸਾਵਧਾਨ ਖੜਾ ਹੈ।)

ਜੈਤਾ : (ਅਦਬ ਨਾਲ ਦੇਖਦਾ ਹੋਇਆ) ਕੋਤਵਾਲੀ ਅੰਦਰ ਡੋਲ ਖੜਕਣ ਦੀ ਆਵਾਜ਼ ਆ ਰਹੀ ਹੈ ਜ਼ਰੂਰ ਗੁਰੂ ਜੀ ਆਖ਼ਰੀ ਅਸ਼ਨਾਨ ਕਰਨ ਲੱਗੇ ਹੋਣਗੇ। ਇਹ ਗੁਰੂ ਦੇ ਕਿਸੇ ਭਗਤ ਦੀ ਸੁਰੀਲੀ ਸੁਰ ਹੈ।

ਮਾਸ਼ਕੀ : ਤੈਨੂੰ ਭੁਲੇਖਾ ਲੱਗਾ ਹੋਣਾ, ਉਹਦੇ ਨਰਮ ਰਵੱਈਏ ਤੋਂ।

ਜੈਤਾ : ਥੋੜ੍ਹੀ ਦੇਰ ਪਹਿਲਾਂ ਮੈਂ ਅੰਦਰ ਝਾੜੂ ਦੇ ਰਿਹਾ ਸੀ।

ਮਾਸ਼ਕੀ : ਫੇਰ ?

ਜੈਤਾ : ਗੁਰੂ ਮਹਾਰਾਜ ਨਾਲ ਸ਼ਰਧਾਲੂ ਸ਼ਿਸ਼ ਵਾਂਗ ਅਦਬ ਨਾਲ ਗੱਲਾਂ ਕਰ ਰਿਹਾ ਸੀ।

ਮਾਸ਼ਕੀ : ਕਿਹੜੇ ਗੁਰੂ ਨਾਲ ?

ਜੈਤਾ : ਤੈਨੂੰ ਪਤਾ ਈ ਨਹੀਂ ਲੱਗਾ, ਅੱਜ ਕੀ ਭਾਣਾ ਵਰਤਣ ਵਾਲਾ ਹੈ ?

ਮਾਸ਼ਕੀ : ਕੀਹਦੇ ਨਾਲ ?

ਜੈਤਾ : ਗੁਰੂ ਤੇਗ਼ ਬਹਾਦਰ ਨਾਲ!

ਮਾਸ਼ਕੀ : ਉਹ ਅਲਾਹੀ ਦਰਵੇਸ਼, ਜਿਨ੍ਹਾਂ ਦੇ ਦਰਸ਼ਨ ਲੱਖੂ ਸ਼ਾਹ ਦੀ ਹਵੇਲੀ ਕਰਵਾਏ ਸਨ ?

ਜੈਤਾ : ਹਾਂ, ਹਾਂ ਜਦੋਂ ਉਹ ਅਸਾਮੋਂ ਮੁੜ ਕੇ ਪੰਜਾਬ ਵਲ ਜਾ ਰਹੇ ਸਨ।

ਮਾਸ਼ਕੀ : ਹੈਂ ਉਹ ਕੋਤਵਾਲੀ ਵਿੱਚ ਨੇ ?

ਜੈਤਾ : ਉਨ੍ਹਾਂ ਨੂੰ ਪਿੰਜਰੇ ਵਿੱਚ ਕੈਦ ਕੀਤਾ ਹੋਇਆ।

ਮਾਸ਼ਕੀ : ਹੈਂ! ਸਚ! ਐਨਾ ਹਨੇਰ!! ਪਹੁੰਚੇ ਹੋਏ ਪੀਰ ਨੂੰ ਕੈਦ ? ਮੁਗ਼ਲਾਂ ਦੀ ਮਤ ਤਾਂ ਨਹੀਂ ਮਾਰੀ ਗਈ ?

ਜੈਤਾ : ਠੀਕ, ਮਤ ਤੇ ਪਰਦਾ ਪਿਆ ਲੱਗਦਾ ਹੈ।

ਮਾਸ਼ਕੀ : ਉਨ੍ਹਾਂ ਨੂੰ ਕੈਦ ਕਿਉਂ ਕੀਤਾ ਹੋਇਆ ?

ਜੈਤਾ : ਕਿਉਂਕਿ ਉਨ੍ਹਾਂ ਨੇ ਸਾਡੇ ਵਰਗੇ ਗ਼ਰੀਬਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਹੈ। ਆਲਮਗੀਰ ਦੀ ਨਜ਼ਾਇਜ਼ ਈਨ ਨਹੀਂ ਮੰਨੀ।

ਮਾਸ਼ਕੀ : ਫ਼ਕੀਰ ਲੋਕ ਬਾਦਸ਼ਾਹਾਂ ਦੀ ਕਿਆ ਪਰਵਾਹ ਕਰਦੇ ਨੇ। ਹੂੰ! ਹੁਣ ਪਤਾ ਲੱਗਾ, ਕਿਉਂ ਤੂੰ ਘੜੀ ਮੁੜੀ ਸਿਰ ਝੁਕਾਂਦਾ ਸੀ।

ਜੈਤਾ : ਜੇ ਤੂੰ ਕੱਲ੍ਹ ਦਾ ਕੌਤਕ ਦੇਖ ਲੈਂਦਾ ਤਾਂ ਅੱਜ ਜ਼ਿੰਦਗੀ ਬਾਰੇ ਵੱਖਰੀ ਤਰ੍ਹਾਂ ਸੋਚਦਾ।

ਮਾਸ਼ਕੀ : ਕੱਲ੍ਹ ਇੱਥੇ ਕਿਆ ਹੋਇਆ ?

ਜੈਤਾ : ਤੂੰ ਪਵਾਰ ਗਿਆ ਹੋਇਆ ਸੀ ? ਸਾਰੇ ਸ਼ਹਿਰ ਵਿੱਚ ਹਾਹਾਕਾਰ ਮਚਿਆ ਹੋਇਆ ਹੈ।

ਮਾਸ਼ਕੀ : ਮੈਂ ਘਰ ਗਿਆ ਹੋਇਆ ਸਾਂ, ਬਾਪੂ ਸਖਤ ਬੀਮਾਰ ਹੈ।

ਜੈਤਾ : ਹੂੰ! ਤਾਹੀਓਂ ਤੂੰ ਬੇਲਾਗ ਫਿਰ ਰਿਹਾਂ।



ਮਾਸ਼ਕੀ : ਤੂੰ ਤਾਂ ਧੁੱਖਧੁਖੀ ਜਿਹੀ ਲਾ ਦਿੱਤੀ। ਛੇਤੀ ਦੱਸ, ਕੱਲ੍ਹ ਕੀ ਹੋਇਆ

ਜੈਤਾ : ਕੱਲ੍ਹ ਤਿੰਨ ਸਿੱਖਾਂ ਨੇ ਬੇਮਿਸਾਲ ਕੁਰਬਾਨੀ ਦਿੱਤੀ।

ਮਾਸ਼ਕੀ : ਫੇਰ ਇਹ ਕਿਹੜੀ ਵੱਡੀ ਗੱਲ ਹੈ ਇਥੇ ਹਰ ਰੋਜ਼ ਕੋਈ ਨਾ ਕੋ ਬੇਦੋਸ਼ਾ ਕਤਲ ਹੁੰਦਾ ਹੈ।

ਜੈਤਾ : ਕੱਲ੍ਹ ਵਰਗਾ ਜ਼ੋਰ ਜ਼ੁਲਮ ਤਾਂ ਸਾਰੇ ਹਿੰਦ ਵਿੱਚ ਨਹੀਂ ਹੋਇ ਹੋਣਾ।

ਮਾਸ਼ਕੀ : ਤਾਹੀਉਂ ਤੂੰ ਬੇਹੱਦ ਜਜ਼ਬਾਤੀ ਹੋਇਆ ਫਿਰਦਾਂ। ਆਖ਼ਰ ਕੌਣ ਉਹ ?

ਜੈਤਾ : ਗੁਰੂ ਜੀ ਦਾ ਦੀਵਾਨ ਭਾਈ ਮਤੀ ਦਾਸ। ਇਸ ਜਗ੍ਹਾ ਮੋਛੇ ਵ ਦੋ ਮੁੱਢਾਂ ਵਿੱਚ ਜਕੜਿਆ ਹੋਇਆ ਸੀ। ਆਰਾ ਚਲਣ ਵਾਲਾ ਪਤਾ ਉਹ ਕੀ ਗਾ ਰਿਹਾ ਸੀ ?

ਮਾਸ਼ਕੀ : ਕਿਆ ਗਾ ਰਿਹਾ ਸੀ ?

ਜੈਤਾ : 'ਆਰਾ ਪਿਆਰਾ ਲਗਤ ਹੈ
ਕਾਰਾ ਕਰੋ ਬਨਾਏ।
ਸਿਰ ਜਾਏ ਤੇ ਜਾਏ
ਮੇਰਾ ਸਿੱਖੀ ਸਿਦਕ ਨਾ ਜਾਏ।'

ਮਾਸ਼ਕੀ : ਫੇਰ ਉਹ ਜ਼ਰੂਰ ਸੂਫ਼ੀ ਸਰਮਦ ਵਰਗਾ ਜਾਨ ਨਿਸ਼ਾਰ ਹੋਣਾ।

ਜੈਤਾ : ਉਸ ਤੋਂ ਕਾਜ਼ੀ ਨੇ ਪੁੱਛਿਆ, ਮੰਗ ਤੇਰੀ ਆਖ਼ਰੀ ਖ਼੍ਵਾਹਸ਼ ਕਿਆ

ਮਾਸ਼ਕੀ : ਕਿਆ ਮੰਗਿਆ ਉਸਨੇ ?

ਜੈਤਾ : ਭਾਈ ਮਤੀਦਾਸ ਨੇ ਕਿਹਾ, ਆਰਾ ਚਲਾਉਣ ਤੋਂ ਪਹਿਲਾਂ ਮੂੰਹ ਤੇਗ਼ ਬਹਾਦਰ ਵੱਲ ਕੀਤਾ ਜਾਵੇ।

ਮਾਸ਼ਕੀ : ਵਾਹ ਵਾਹ! ਐਨਾ ਸਿਦਕੀ!!

ਜੈਤਾ : ਫੇਰ ਉਸਨੂੰ ਆਰੇ ਨਾਲ ਦੋਫਾੜ ਚੀਰਿਆ ਗਿਆ। ਸੂਰਮੇ ਨੇ ਤੱਕ ਨਹੀਂ ਕੀਤੀ, ਆਖਰੀ ਸਵਾਸਾਂ ਤੱਕ 'ਧੰਨ ਗੁਰੂ ਤੇਗ਼ ਬਹਾਦ 'ਧੰਨ ਗੁਰੂ ਤੇਗ਼ ਬਹਾਦਰ' ਉਚਾਰਦਾ ਰਿਹਾ।

ਮਾਸ਼ਕੀ : ਬਈ ਕਮਾਲ ਨੇ ਗੁਰੂ ਦੇ ਸਿੱਖ!

ਜੈਤਾ : ਇਥੇ ਹੀ ਬਸ ਨਹੀਂ, ਹੋਰ ਸੁਣ।

ਮਾਸ਼ਕੀ : ਮੇਰਾ ਦਿਲ ਤਾਂ ਇਹ ਸੁਣ ਕੇ ਹੀ ਕੰਬ ਗਿਆ।

ਜੈਤਾ : ਉਸ ਤੋਂ ਪਿਛੋਂ ਭਾਈ ਦਿਆਲੇ ਨੂੰ ਲਿਆਂਦਾ ਗਿਆ।

ਮਾਸ਼ਕੀ : ਉਸ ਨੂੰ ਕਿੱਦਾਂ ਸ਼ਹੀਦ ਕੀਤਾ ਗਿਆ ?

ਜੈਤਾ : (ਇਸ਼ਾਰੇ ਨਾਲ) ਉਸ ਜਗ੍ਹਾ ਵੱਡੀ ਸਾਰੀ ਦੇਗ਼ ਉਬਲ ਰਹੀ ਸੀ। ਭਾਈ ਦਿਆਲੇ ਨੂੰ ਚੁੱਕ ਕੇ ਜਲਾਦਾਂ ਨੇ ਦੇਗ਼ ਵਿੱਚ ਸੁੱਟ ਦਿੱਤਾ। ਉਹ ਵੀ ਆਖ਼ਰੀ ਦਮ ਤੱਕ ਗੁਰੂ ਦਾ ਨਾਮ ਉਚਾਰਦਾ ਰਿਹਾ।

ਮਾਸ਼ਕੀ : ਯਾ ਅੱਲਾਹ, ਰਹਿਮ ਕਰ!

ਜੈਤਾ : ਉਸ ਪਿਛੋਂ ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਜੀਂਦੇ ਨੂੰ ਸਾੜਿਆ ਗਿਆ।

ਮਾਸ਼ਕੀ : ਹੈਂ! ਐਨਾ ਜ਼ੋਰ ਜ਼ੁਲਮ! ਜੈਤਿਆ, ਤੂੰ ਤਾਂ ਸਭ ਕੁਝ ਅੱਖੀਂ ਦੇਖਿਆ ਮੇਰਾ ਤਾਂ ਸੁਣ ਕੇ ਦਿਲ ਦਹਿਲ ਗਿਆ। ਸਮਝ ਨਹੀਂ ਆਈ, ਐਨਾ ਕਹਿਰ ਕਿਉਂ ਢਾਇਆ ?

ਜੈਤਾ : ਸਿੱਖਾਂ ਵਿੱਚ ਦਹਿਸ਼ਤ ਫੈਲਾਉਣ ਲਈ, ਪਈ ਚੂੰ ਚਰਾਂ ਨਾ ਕਰਨ। ਅੱਜ ਸਿੱਖਾਂ ਦੇ ਨਾਵੇਂ ਗੁਰੂ ਨੂੰ ਸ਼ਹੀਦ ਕਰਨਾ।

ਮਾਸ਼ਕੀ : ਆਲਮਗੀਰ ਦੇ ਹੁਕਮ ਨਾਲ ?

ਜੈਤਾ : ਹਾਂ !

ਮਾਸ਼ਕੀ : ਆਖ਼ਰ ਕੋਈ ਇਲਜ਼ਾਮ ਤਾਂ ਲਾਇਆ ਹੋਊ ?

ਜੈਤਾ : ਬਸ ਇਹੋ ਦੋਸ਼, ਉਨ੍ਹਾਂ ਕਸ਼ਮੀਰੀ ਪੰਡਤਾਂ ਨੂੰ ਬਚਨ ਕਿਉਂ ਦਿੱਤਾ। ਉਹ ਮਜ਼ਬੀ ਆਜ਼ਾਦੀ ਕਿਉਂ ਮੰਗਦੇ ਨੇ? ਉਹ ਸੁੱਤੇ ਪਏ ਲੋਕਾਂ ਨੂੰ ਕਿਉਂ ਜਗਾਉਂਦੇ ਨੇ ?

ਮਾਸ਼ਕੀ : ਬਚਾਉ ਦੀ ਕੋਈ ਸੂਰਤ ਨਹੀਂ ?

ਜੈਤਾ : ਗੁਰੂ ਜੀ ਦੇ ਸਾਹਮਣੇ ਦੋ ਹੀ ਰਾਹ ਨੇ।

ਮਾਸ਼ਕੀ : ਉਹ ਕਿਹੜੇ ?

ਜੈਤਾ : ਜਾਂ ਕੋਈ ਭਾਰੀ ਕਰਾਮਾਤ ਦਿਖਾਣ, ਜਾਂ ਦੀਨ ਇਸਲਾਮ ਕਬੂਲ ਕਰਨ।

ਮਾਸ਼ਕੀ : ਰਾਮ ਰਾਏ ਵਾਂਗ ਕੋਈ ਕਰਾਮਾਤ ਕਿਉਂ ਨਹੀਂ ਦਿਖਾ ਦਿੰਦੇ।

ਜੈਤਾ : ਇਹ ਸਿੱਖੀ ਅਕੀਦੇ ਵਿਰੁੱਧ ਹੈ।

ਮਾਸ਼ਕੀ : ਉੱਧਰ ਆਲਮਗੀਰ ਦਾ ਹੁਕਮ ਬਦਲਣਾ ਵੀ ਮੁਸ਼ਕਲ ਹੈ। ਉਹ ਤਾਂ ਆਪਣੇ ਪੁੱਤਾਂ ਧੀਆਂ ਦਾ ਵੀ ਲਿਹਾਜ਼ ਨਹੀਂ ਕਰਦਾ।

ਜੈਤਾ : ਗੁਰੂ ਦਾ ਨਿਸ਼ਚਾ ਅਟਲ ਹੈ। ਉਨ੍ਹਾਂ ਨੂੰ ਦੁਨੀਆਂ ਦੀ ਕੋਈ ਤਾਕਤ ਆਪਣੇ ਅਕੀਦੇ ਤੋਂ ਥਿੜਕਾ ਨਹੀਂ ਸਕਦੀ।



ਮਾਸ਼ਕੀ : ਤੂੰ ਇਹ ਸਭ ਕੁਝ ਕਿੱਦਾਂ ਜਾਣਿਆ ?

ਜੈਤਾ : ਤੈਨੂੰ ਦਸਿਐ ਦਰੋਗੇ ਦੀਆਂ ਗੁਰੂ ਜੀ ਨਾਲ ਗੱਲਾਂ ਸੁਣੀਆਂ।

ਮਾਸ਼ਕੀ : ਕੀ ਦਰੋਗਾ ਨੂੰ ਆਲਮਗੀਰ ਦਾ ਖ਼ੌਫ ਨਹੀਂ ?

ਜੈਤਾ : ਜੇ ਤੂੰ ਕੱਲ੍ਹ ਇੱਥੇ ਹੁੰਦਾ ਤਾਂ ਤੇਰੇ ਵੀ ਡਰ ਭਉ ਦੂਰ ਹੋ ਜਾਣੇ ਸਨ।

ਮਾਸ਼ਕੀ : ਲੋਕਾਂ ਉੱਤੇ ਕਿਆ ਅਸਰ ਪਿਆ ?

ਜੈਤਾ : ਸਭ ਛਮ ਛਮ ਰੋ ਰਹੇ ਸਨ।

ਮਾਸ਼ਕੀ : ਓਹ ਕੋਤਵਾਲ ਬਾਹਰ ਨਿਕਲਿਆ।

(ਛੜਕਾ ਕਰਨ ਲੱਗ ਜਾਂਦਾ ਹੈ।)

ਜੈਤਾ : (ਝਾੜੂ ਦੇਂਦਾ ਹੋਇਆ) ਸ਼ੈਦ ਤੈਨੂੰ ਇਸ਼ਾਰੇ ਕਰ ਰਿਹਾ।

ਆਵਾਜ਼ : ਓਇ ਮਾਸ਼ਕੀ ਦੇ ਬੱਚੇ, ਐਧਰ ਮਰ।

ਮਾਸ਼ਕੀ : ਅੱਜ ਮਰੇ ਭਈ, ਖੌਰੇ ਸਾਡੀਆਂ ਗੱਲਾਂ ਹੀ ਸੁਣ ਲਈਆਂ।

ਜੈਤਾ : ਓਇ ਜਾਹ ਮਰਨ ਤੋਂ ਪਹਿਲਾਂ ਨਾ ਮਰਦਾ ਜਾਹ। ਜੇ ਮੌਤ ਦਾ ਡਰ ਲਾਹੁਣਾ ਤਾਂ ਸਿੱਖ ਬਣ ਜਾ।

(ਜੈਤਾ ਛੇਤੀ ਛੇਤੀ ਝਾੜੂ ਮਾਰਦਾ ਹੈ। ਇੱਕ ਭਲਾ ਬੰਦਾ ਮਲਕ ਚਾਰੇ ਆਉਂਦਾ ਹੈ।)

ਬੰਦਾ : ਜੈਤਿਆ!

ਜੈਤਾ : ਓਇ ਐਨੀ ਛੇਤੀ! ਟੋਕਰਾ ਰੱਖ ਕੇ ਮਿੱਟੀ ਥਾਪੜ।

ਨਨੂਆ : (ਮਿੱਟੀ ਥਾਪੜਦਾ ਹੋਇਆ) ਮੈਨੂੰ ਸਾਰੀ ਰਾਤ ਨੀਂਦ ਨਹੀਂ ਆਈ।

ਜੈਤਾ : ਦਿੱਲੀ ਦਾ ਕੋਈ ਵੀ ਸਿਦਕੀ ਸਿੱਖ ਰਾਤ ਸੌਂ ਨਹੀਂ ਸਕਿਆ।

ਨਨੂਆ : ਲੋਕਾਂ ਦੇ ਦਿਲਾਂ ਵਿੱਚ ਸਖ਼ਤ ਬੇਚੈਨੀ ਹੈ।

ਜੈਤਾ : ਮੇਰੀ ਰਾਤ ਪਾਠ ਕਰਦਿਆਂ ਲੰਘੀ। ਤੂੰਦਾ ਕਿਥੇ ਹੈ ?

ਨਨੂਆ : ਉਹ ਵੀ ਆਇਆ ਸਮਝ। ਇਹ ਦਸ ਕੁਝ ਹੋ ਨਹੀਂ ਸਕਦਾ ?

ਜੈਤਾ : ਨਹੀਂ, ਅਣਹੋਣੀ ਹੋ ਕੇ ਰਹੇਗੀ।

ਨਨੂਆ : ਸਤਿਗੁਰ ਚਾਹੁੰਦੇ ਕੀ ਨੇ ?

ਜੈਤਾ : ਆਪਣੇ ਬਲੀਦਾਨ ਨਾਲ ਆਲਮਗੀਰ ਦੀ ਜ਼ਮੀਰ ਨੂੰ ਟੁੰਬਣਾ। ਜਨਤਾ ਵਿੱਚ ਅਣਖ ਤੇ ਨਿਡਰਤਾ ਪੈਦਾ ਕਰਨੀ।

ਨਨੂਆ : ਕੱਲ੍ਹ ਵਾਂਗ ਗੁਰੂ ਦੀ ਖ਼ਾਤਰ ਹੋਰ ਸਿੱਖ ਜਾਨਾਂ ਕਿਉਂ ਨਹੀਂ ਦਿੰਦੇ ?

ਜੈਤਾ : ਪਰ ਗੁਰੂ ਜੀ ਅਨੰਦਪੁਰੋਂ ਅਰਦਾਸਾ ਕਰਕੇ ਚੱਲੇ ਨੇ।

ਨਨੂਆ : ਕੋਈ ਵੀ ਆਲਮਗੀਰ ਨੂੰ ਮਤ ਦੇਣ ਵਾਲਾ ਨਹੀਂ ?

ਜੈਤਾ : ਉਹ ਤਾਂ ਸਰਹੱਦ ਤੇ ਹਸਨ ਅਬਦਾਲ ਬੈਠਾ।

ਨਨੂਆ : ਕਿਉਂ ?

ਜੈਤਾ : ਪਠਾਣਾਂ ਦੀ ਬਗ਼ਾਵਤ ਦਬਾਉਣ ਗਿਆ ਹੋਇਆ।

ਨਨੂਆ : ਜੇ ਐਧਰ ਬਗ਼ਾਵਤ ਹੋ ਗਈ ਫੇਰ ?

ਜੈਤਾ : ਪੰਜਾਬੀਆਂ ਦੇ ਦਿਲਾਂ ਵਿੱਚ ਅੱਗ ਲੱਗ ਹੀ ਚੁੱਕੀ ਹੈ, ਕਿਸੇ ਵੇਲੇ ਵੀ ਭਾਂਬੜ ਬਣ ਸਕਦੀ ਹੈ।

ਨਨੂਆ : ਅੱਜ ਆਪਾਂ ਤਿੰਨੇ ਜਣੇ ਕਿਉਂ ਨਾ ਸ਼ਹੀਦ ਹੋਈਏ।

ਜੈਤਾ : ਮਿੱਤਰਾ, ਭਾਣਾ ਫੇਰ ਵੀ ਟਲਦਾ ਨਹੀਂ ਦਿਸਦਾ।

ਨਨੂਆ : ਮੈਨੂੰ ਕੀ ਹੁਕਮ ਹੈ ?

ਜੈਤਾ : ਤੂੰ ਅਜੇ ਦੂਰ ਦੂਰ ਰਹੁ। (ਕੋਤਵਾਲ ਵਲ ਦੇਖਦਾ ਹੋਇਆ) ਸ਼ੱਕ ਨਾ ਪੈ ਜਾਏ। ਮੈਂ ਇਸ਼ਾਰਾ ਕਰਾਂ ਝਟਪਟ ਆ ਜਾਇਓ। ਸੁਦਾਈਆ, ਇਹ ਕੋਰਾ ਕਪੜਾ ਲੁਕਾ ਕੇ ਰੱਖ।

ਨਨੂਆ : ਉਹ ਕੌਣ ਨਿਕਲੇ ਨੇ ਕੋਤਵਾਲੀ ਵਿੱਚੋਂ ?

ਜੈਤਾ : ਇਹ ਨੇ ਦਿੱਲੀ ਦੇ ਸਿਰਕੱਢ ਸਿੱਖ।

ਨਨੂਆ : ਭੇਸ ਮੁਸਲਮਾਨੀ ਹੈ।

ਜੈਤਾ : ਗੁਰੂ ਜੀ ਨੂੰ ਮਿਲ ਕੇ ਆਏ ਨੇ। ਦਰੋਗੇ ਨੇ ਮੁਲਾਕਾਤ ਕਰਵਾਉਣ ਦਾ ਵਾਹਿਦਾ ਪੂਰਾ ਕਰ ਦਿੱਤਾ।

ਨਨੂਆ : ਦਰੋਗਾ ਭਲਾ ਪੁਰਸ਼ ਜਾਪਦਾ।

ਜੈਤਾ : (ਕੋਤਵਾਲੀ ਵਲ ਦੇਖਦਾ ਹੋਇਆ) ਤੂੰ ਮਲਕਚਾਰੇ ਉਠ ਕੇ ਜਾਹ ! ਕੋਈ ਸਾਡੀਆਂ ਗੱਲਾਂ ਨਾ ਸੁਣ ਲਵੇ। ਉਦੇ ਨੂੰ ਨਾਲ ਰਲਾ ਲਵੀਂ ਸੁਣਿਆ।

ਨਨੂਆ : (ਸ਼ੈਨਤ ਨਾਲ) ਚਿੰਤਾ ਨਾ ਕਰ।

(ਜੈਤਾ ਝਾੜੂ ਦੇਣ ਲੱਗ ਜਾਂਦਾ ਹੈ ਅਤੇ ਬੜੀ ਮਸਤੀ ਨਾਲ ਸ਼ਬਦ ਪੜ੍ਹਦਾ ਹੈ।)

'ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ
ਇਹ ਮਾਰਗ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ।'



## ਤੀਜੀ ਝਾਕੀ

ਕੋਤਵਾਲੀ ਤੋਂ ਜ਼ਰਾ ਦੂਰ ਖਾਰੀ ਬੌਲੀ ਦੇ ਰੁਖ ਥੱਲੇ ਦੋ ਸਿੱਖ ਡੂੰਘੀਆਂ ਸੋਚਾਂ ਵਿੱਚ ਡੁੱਬੇ ਖੜੇ ਹਨ। ਪਹਿਰਾਵਾ ਉਨ੍ਹਾਂ ਦਾ ਮੁਸਲਮਾਨੀ ਹੈ। ਤੀਜਾ ਸਿੱਖ ਫ਼ਤਹਿਪੁਰੀ ਵਲੋਂ ਤੇਜ਼ੀ ਨਾਲ ਆਉਂਦਾ ਹੈ। ਇਹ ਪਹਿਲੀ ਝਾਕੀ ਵਾਲਾ ਵੱਖਰੇ ਭੇਸ ਵਿੱਚ ਨੌਜਵਾਨ ਹੀ ਹੈ।

ਤੀਜਾ : (ਸਾਹੋ ਸਾਹ ਹੋਇਆ) ਮਾਫ਼ ਕਰਨਾ, ਦੇਰੀ ਹੋ ਗਈ। ਤੁਹਾਨੂੰ ਬਹੁਤ ਉਡੀਕਣਾ ਪਿਆ। ਚਲੋ ਛੇਤੀ ਚਲੀਏ। ਦਿਨ ਚੜ੍ਹਦਾ ਜਾਂਦਾ ਏ। ਫੇਰ ਸ਼ਾਇਦ ਦਰੋਗਾ ਮਿਲਣ ਨਾ ਦੇਵੇ। (ਉਨ੍ਹਾਂ ਵਲ ਗਹੁ ਨਾਲ ਵੇਖ ਕੇ) ਤੁਸੀਂ ਗੁੰਮ ਸੁੰਮ ਕਿਉਂ ਖੜੇ ਓ ? ਕੋਈ ਭਾਣਾ ਵਰਤ ਗਿਐ ?

ਪਹਿਲਾ : ਅਸੀਂ ਤੈਨੂੰ ਬਹੁਤ ਉਡੀਕਿਆ।

ਤੀਜਾ : ਦਰਅਸਲ ਰਾਤ ਭਰ ਕੋਈ ਬਾਨ੍ਹਣੂ ਬਨ੍ਹਦੇ ਰਹੇ।

ਦੂਜਾ : ਅਸੀਂ ਤਾਂ ਸਮਝਿਆ ਕੋਈ ਖ਼ਾਸ ਰੋਕ ਪੈ ਗਈ। ਅਖ਼ੀਰ ਅਸੀਂ....

ਤੀਜਾ : (ਟੋਕ ਕੇ) ਕੀ ਤੁਸੀਂ ਗੁਰੂ ਜੀ ਨੂੰ ਮਿਲ ਆਏ ?

ਪਹਿਲਾ : ਹੋਰ ਕੀ ਕਰਦੇ ? ਵਕਤ ਹੱਥੋਂ ਨਿਕਲਦਾ ਜਾਂਦਾ ਸੀ।

ਤੀਜਾ : (ਨਿਰਾਸਤਾ ਨਾਲ) ਕੀ ਫਰਮਾਇਆ ਗੁਰੂ ਜੀ ਨੇ ?

ਦੂਜਾ : ਹਜ਼ੂਰ ਨੇ ਸਾਡੀ ਬੇਨਤੀ ਕਬੂਲ ਨਹੀਂ ਕੀਤੀ।

ਤੀਜਾ : ਮੈਂ ਤੁਹਾਨੂੰ ਪਹਿਲਾਂ ਕਿਹਾ ਸੀ, ਇਹ ਐਨਾ ਸੌਖਾ ਕੰਮ ਨਹੀਂ।

ਪਹਿਲਾ : ਉਨ੍ਹਾਂ ਸਗੋਂ ਸਾਡੀ ਤਜਵੀਜ਼ ਨੂੰ ਨਾਪਸੰਦ ਕੀਤਾ।

ਤੀਜਾ : ਤੁਸੀਂ ਰੁੱਖ ਢੰਗ ਦੇਖ ਕੇ ਗੱਲ ਕਰਨੀ ਸੀ, ਨਾਲੇ ਕਿਸੇ ਇਤਬਾਰੀ ਸਿੱਖ ਨੂੰ ਨਾਲ ਲਿਜਾਣਾ ਸੀ।

ਦੂਜਾ : ਸਾਨੂੰ ਤੂੰ ਬੇਇਤਬਾਰੇ ਸਮਝਦਾਂ ?

ਤੀਜਾ : ਸਾਰੇ ਸ਼ਹਿਰੀ ਸਿੱਖ ਇੱਕੋ ਜਿਹੇ ਨਹੀਂ ਹੁੰਦੇ। ਇੱਥੇ ਲੱਖੀ ਸ਼ਾਹ ਵਰਗੇ ਮੋਹਤਵਰ ਸਿੱਖ ਵੀ ਵਸਦੇ ਨੇ।

ਦੂਜਾ : ਉਹਨੂੰ ਰਾਏ ਸੀਨਾ ਪਿੰਡੋਂ ਕੌਣ ਲੈਣ ਜਾਂਦਾ ?

ਤੀਜਾ : ਭਾਵੇਂ ਦਿੱਲੀ ਦਾ ਸਿੱਖੀ ਨਾਲ ਗੁਰੂ ਨਾਨਕ ਦੇ ਵੇਲੇ ਤੋਂ ਸੰਬੰਧ ਹੈ, ਗੁੱਸਾ ਨਾ ਕਰਨਾ। ਤੁਸੀਂ ਅਜ਼ਮਾਏ ਹੋਏ ਸਿੱਖ ਨਹੀਂ। ਕਿੱਦਾਂ ਯਕੀਨ ਕਰ ਲੈਂਦੇ ?

ਪਹਿਲਾ : ਜਿਵੇਂ ਤੂੰ ਸਾਡੇ ਨਾਲੋਂ ਬਹੁਤ ਅਜ਼ਮੂਦਾ ਸਿੱਖ ਹੈਂ।

ਤੀਜਾ : ਇਹ ਮੈਂ ਕਦੋਂ ਕਿਹਾ? ਮੈਂ ਤਾਂ ਸਗੋਂ ਨਿਮਾਣਾ ਜਿਹਾ ਸਿੱਖ ਹਾਂ। ਅਸਾਮ ਤੋਂ ਵਾਪਸੀ ਸਮੇਂ ਸੰਗਤ ਦੀ ਸੇਵਾ ਕਰਨ ਦਾ ਮੌਕਾ ਜੁੜਿਆ ਸੀ।

ਦੂਜਾ : ਇਸ ਨਾਲ ਤੂੰ ਵੱਡਾ ਮੋਹਤਬਰ ਬਣ ਗਿਐਂ ?

ਤੀਜਾ : ਭਾਈਆ, ਗੱਲ ਨਾ ਵਧਾ। ਕੋਈ ਤਜਵੀਜ਼ ਸੋਚੋ।

ਪਹਿਲਾ : ਹਾਂ, ਰਾਜਾ ਰਾਮ ਸਿੰਘ ਵਰਗਾ ਕੋਈ ਬਾਰਸੂਖ ਅਹਿਲਕਾਰ ਹੁੰਦਾ ਫਿਰ ਸ਼ਾਇਦ ਗੱਲ ਸਿਰੇ ਚੜ੍ਹ ਜਾਂਦੀ।

ਤੀਜਾ : ਕਾਹਲਿਓ, ਤੁਸੀਂ ਜਾਂਦੇ ਸਾਰ ਆਹ ਗੱਲ ਤਾਂ ਨਹੀਂ ਸੀ ਕਹਿ ਦਿੱਤੀ।

ਪਹਿਲਾ : ਅਸੀਂ ਨਿਹਾਇਤ ਅਧੀਨਗੀ ਨਾਲ ਬੇਨਤੀ ਕੀਤੀ ਸੀ।

ਤੀਜਾ : ਮਸਲਨ ਕੀ ਕਿਹਾ ਸੀ ?

ਪਹਿਲਾ : ਪਈ ਇਵਜ਼ਾਨੇ ਵਜੋਂ ਦਿੱਲੀ ਦੀ ਸੰਗਤ ਤੁਹਾਡੇ ਭਾਰ ਬਰਾਬਰ ਸੋਨਾ ਦੇਣ ਨੂੰ ਤਿਆਰ ਹੈ।

ਤੀਜਾ : ਕੀ ਤੁਸੀਂ ਦਸਿਆ ਸੀ ਕਿ ਕਾਜ਼ੀ ਬੋਹਰਾ ਨਾਲ ਪੱਕੀ ਠੱਕੀ ਹੋ ਚੁੱਕੀ ਹੈ?

ਦੂਜਾ : ਸਗੋਂ ਇਹ ਵੀ ਕਿਹਾ ਸੀ ਕਿ ਕਰਾਮਾਤ ਦਾ ਠੂਣਾ ਕਾਜ਼ੀ ਖੁਦ ਬਨਾਣ ਲਈ ਤਿਆਰ ਹੈ।

ਤੀਜਾ : ਮੈਨੂੰ ਤਾਂ ਇੱਕ ਅਹਿਲਕਾਰ ਨੇ ਇਹ ਵੀ ਦੱਸਿਆ।

ਦੂਜਾ : ਕੀ ?



ਤੀਜਾ : ਭਾਵੇਂ ਆਲਮਗੀਰ ਹੁਕਮ ਦੇ ਬੈਠਾ ਹੈ, ਨਾਲ ਖ਼ਾਸ ਹਦਾਇਤ ਵੀ ਘੱਲੀ ਹੈ।

ਪਹਿਲਾ : ਕਿਹੜੀ ?

ਦੂਜਾ : ਝੂਠੀਆਂ ਗੱਲਾਂ, ਆਲਮਗੀਰ ਮੌਕਾ ਖੁੰਝਾਉਣ ਵਾਲਾ, ਇਹ ਸੋਚੀ ਸਮਝੀ ਸਾਜਿਸ਼ ਹੈ।

ਤੀਜਾ : ਫੇਰ ਵੀ ਦੱਸੋ ਤਾਂ ਸਹੀ, ਗੁਰੂ ਸਾਹਿਬ ਦੇ ਅਸਲ ਸ਼ਬਦ ਕੀ ਸਨ ?

ਦੂਜਾ : ਹਜ਼ੂਰ ਨੇ ਫ਼ਰਮਾਇਆ :

(ਭੋਲਿਓ ਸਿਖੋ, ਤੁਹਾਨੂੰ ਅਸਲੀਅਤ ਦਾ ਗਿਆਨ ਨਹੀਂ। ਇਹ ਸ਼ਹਾਦਤ ਅਟੱਲ ਹੈ। ਬਲੀਦਾਨ ਤੋਂ ਬਿਨਾਂ ਹਿੰਦੂ ਧਰਮ ਦੀ ਰਕਸ਼ਾ ਨਾਮੁਮਕਿਨ ਹੈ। ਜ਼ੋਰ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਹੋਰ ਕੋਈ ਰਾਹ ਨਹੀਂ ਰਹਿ ਗਿਆ। ਜਨਤਾ ਨਿਮਾਣੀ ਤੇ ਨਿਤਾਣੀ ਹੋ ਚੁੱਕੀ ਹੈ। ਉਨ੍ਹਾਂ ਦੀ ਰੂਹ ਨੂੰ ਢਾਰਸ ਦੇਣ ਲਈ ਕੁਰਬਾਨੀ ਲਾਜ਼ਮੀ ਹੈ।)

ਪਹਿਲਾ : ਇਹ ਸ਼ਬਦ ਗੁਰੂ ਜੀ ਅਲਾਹੀ ਅਵਸਥਾ ਵਿਚੋਂ ਉਚਾਰ ਰਹੇ ਸਨ।

ਦੂਜਾ : ਉਹ ਸ਼ਹਾਦਤ ਲਈ ਬਿਲਕੁਲ ਦ੍ਰਿੜ੍ਹ ਨੇ।

ਤੀਜਾ : ਫੇਰ ਵੀ ਸਾਨੂੰ ਢਿੱਲੇ ਨਹੀਂ ਪੈਣਾ ਚਾਹੀਦਾ।

ਦੂਜਾ : ਸਾਨੂੰ ਤਾਂ ਹੋਰ ਕੁਝ ਨਹੀਂ ਅਹੁੜਦਾ।

ਤੀਜਾ : ਮੈਂ ਲੱਖੀ ਸ਼ਾਹ ਅਤੇ ਹੋਰ ਸਿੱਖਾਂ ਨੂੰ ਮਿਲਦਾ ਹਾਂ।

ਪਹਿਲਾ : ਤੂੰ ਵੀ ਆਪਣਾ ਜ਼ੋਰ ਲਾ ਕੇ ਵੇਖ ਲੈ। ਸਾਨੂੰ ਤਾਂ ਨਿਸ਼ਚਾ ਹੋ ਚੁੱਕਾ ਪਈ ਭਾਣਾ ਅਟੱਲ ਹੈ।

ਦੂਜਾ : ਉਹ ਦੇਖੋ, ਸੂਫ਼ੀ ਫ਼ਕੀਰ ਕਿੱਦਾਂ ਕੋਤਵਾਲੀ ਵੱਲ ਇੱਕ ਟੱਕ ਤੱਕ ਰਿਹਾ।

ਪਹਿਲਾ : ਰੁਖ ਢੰਗ ਤੋਂ ਹੀ ਹਮਦਰਦ ਜਾਪਦਾ।

ਤੀਜਾ : ਇਹ ਜ਼ਰੂਰ ਸੂਫ਼ੀ ਸਰਮਦ ਦਾ ਪੈਰੋਕਾਰ ਹੋਣਾ। ਹੋਰ ਕੌਣ ਐਨਾ ਹੌਂਸਲਾ ਕਰ ਸਕਦਾ ?

ਦੂਜਾ : ਇਸਨੂੰ ਮਿਲੋ। ਸ਼ਾਇਦ ਰੇਖ ਵਿੱਚ ਮੇਖ ਮਾਰੇ, ਅਸੀਂ ਤਾਂ ਨਾ ਉਮੀਦ ਹੋ ਗਏ ਆਂ।

ਤੀਜਾ : ਗੁਰੂ ਕੇ ਦਰਸ਼ਨ ਕਰਕੇ ਵੀ ਤੁਸੀਂ ਢਹਿੰਦੀਆਂ ਕਲਾਂ ਦੀਆਂ ਗੱਲਾਂ ਕਰਦੇ ਹੋ।

ਪਹਿਲਾ : ਓਹ ਦੇਖ, ਔਰਤ ਕੀ ਕਮਲੀਆਂ ਹਰਕਤਾਂ ਕਰ ਰਹੀ ਹੈ ?

ਦੂਜਾ : ਮੈਨੂੰ ਤਾਂ ਖੁਫ਼ੀਆ ਮਹਿਕਮੇ ਦੀ ਲਗਦੀ ਏ, ਹੁਣ ਚੱਪੇ-ਚੱਪੇ ਤੇ ਸੂਹੀਏ ਫਿਰਨੇ ਨੇ।

ਤੀਜਾ : (ਗਹੁ ਨਾਲ ਦੇਖਦਾ ਹੋਇਆ) ਉਹਦੀਆਂ ਹਰਕਤਾਂ ਤਾਂ ਐਨ ਪਾਗਲਾਂ ਵਾਲੀਆਂ।

ਦੂਜਾ : ਇਹੀ ਤਾਂ ਸਬੂਤ ਹੈ ਉਸਦੇ ਗੁਪਤਚਰ ਹੋਣ ਦਾ।

ਪਹਿਲਾ : ਕੀ ਕਿਆਸ ਅਰਾਈਆਂ ਕਰ ਰਹੇ ਹੋ, ਦੇਖੋ, ਕਿੰਨੇ ਅਦਬ ਨਾਲ ਕੋਤਵਾਲੀ ਵੱਲ ਸਿਰ ਝੁਕਾਇਆ ?

ਦੂਜਾ : ਇਹ ਵੀ ਉਸਦੀ ਹੁਸ਼ਿਆਰੀ ਲਗਦੀ ਹੈ।

ਤੀਜਾ : ਮੈਂ ਤਾਂ ਸਮਝਦਾ ਕਿ ਗੁਰੂ ਨੂੰ ਅਦਬ ਦਿਖਾ ਕੇ ਸਰਕਾਰ ਨੂੰ ਚਿੜ੍ਹਾ ਰਹੀ ਹੈ।

ਪਹਿਲਾ : ਉਹ ਦੇਖੋ, ਲੰਮੀ ਦਾੜ੍ਹੀ ਵਾਲਾ ਮੌਲਵੀ ਕਿੰਨੀ ਨਫ਼ਰਤ ਨਾਲ ਉਹਨੂੰ ਤਾੜ ਰਿਹਾ।

ਦੂਜਾ : ਉਹ ਸਗੋਂ ਉਸਨੂੰ ਠੁਠ ਦਿਖਾ ਰਹੀ ਹੈ।

ਪਹਿਲਾ : ਕੋਤਵਾਲੀ ਕੋਲ ਦੇਖੋਂ, ਸਿਆਹ ਬਕਤਰ ਪੋਸ਼ ਕਿੰਨੇ ਭਿਆਨਕ ਲੱਗ ਰਹੇ ਨੇ।

ਤੀਜਾ : ਮੁਗਲਾਂ ਨੂੰ ਗੁਮਾਨ ਹੈ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨਾਲ ਸਿੱਖਾਂ ਵਿੱਚ ਦਹਿਸ਼ਤ ਫੈਲ ਜਾਵੇਗੀ, ਕੋਈ ਚੂੰ ਤੱਕ ਨਹੀਂ ਕਰੇਗਾ।

ਦੂਜਾ : ਇਹ ਉਨ੍ਹਾਂ ਦਾ ਭੁਲੇਖਾ ਹੈ। ਸ਼ਹੀਦਾਂ ਦੇ ਖ਼ੂਨ ਨਾਲ ਸਗੋਂ ਧਰਮ ਦੀਆਂ ਨੀਹਾਂ ਪੱਕੀਆਂ ਹੁੰਦੀਆਂ। ਗੁਰੂ ਅਰਜਨ ਦੀ ਸ਼ਹੀਦੀ ਪਿਛੋਂ ਸਿੱਖਾਂ ਵਿੱਚ ਕਿੰਨਾ ਜੋਸ਼ ਫੈਲਿਆ ਸੀ ?

ਤੀਜਾ : ਤਿੰਨਾਂ ਸਿੱਖਾਂ ਦੀ ਸ਼ਹੀਦੀ ਨੇ ਕੌਮ ਵਿੱਚ ਨਵੀਂ ਰੂਹ ਫੂਕ ਦਿੱਤੀ ਏ। ਸਰਕਾਰ ਪੱਖੀ ਲੋਕ ਭੈਭੀਤ ਹੋਏ ਫਿਰਦੇ ਨੇ।



ਪਹਿਲਾ : ਓਹ ਕਪਾਹ ਦੇ ਗਡੇ ਕੋਲ ਭਲਾ ਕੌਣ ਖੜਾ ?

ਤੀਜਾ : (ਉਛਲ ਕੇ) ਬਾਪੂ! ਓਹੋ ਤਾਂ ਭਾਈ ਲੱਖਾ ਸ਼ਾਹ ਹੈ, ਤੂੰ ਨਹੀਂ ਪਛਾਣਿਆ ?

ਦੂਜਾ : ਮੈਨੂੰ ਥੋਹੜਾ ਸ਼ੱਕ ਸੀ, ਉਹਦੇ ਨਾਲ ਕੌਣ ਖੜੇ ਨੇ ?

ਤੀਜਾ : ਮੇਰੇ ਸੱਤੇ ਭਰਾ।

ਪਹਿਲਾ : ਬਹੁਤੇ ਆਸ ਪਾਸ ਦੇ ਦਿਹਾਤਾਂ ਦੇ ਕਿਸਾਨ ਲਗਦੇ ਨੇ।

ਤੀਜਾ : ਮੈਂ ਦੇਖਦਾਂ ਗਡੇ ਠੀਕ ਥਾਂ ਖੜੇ ਕੀਤੇ ਨੇ ਕਿ ਨਹੀਂ।

(ਛੇਤੀ ਛੇਤੀ ਜਾਂਦਾ ਹੈ।)

ਦੂਜਾ : ਇਹਦੇ 'ਚ ਜਵਾਨੀ ਦਾ ਖ਼ੂਨ ਖੌਲ ਰਿਹਾ, ਕਿਤੇ ਸਿੰਗ ਨਾ ਫ਼ਸਾ ਬੈਠੇ।

ਪਹਿਲਾ : ਆਪਾਂ ਜ਼ਰਾ ਹਟ ਕੇ ਖਲੋਈਏ, ਅਸੀਂ ਆਖ਼ਰ ਦਿੱਲੀ ਵਿੱਚ ਵਸਣਾ।

ਦੂਜਾ : ਤੈਨੂੰ ਪਹਿਲਾਂ ਹੀ ਕਾਂਬਾ ਛਿੜ ਗਿਆ ?

ਪਹਿਲਾ : ਮੇਰਾ ਦਿਲ ਡਾਢਾ ਈ ਕੋਮਲ ਏ, ਮੈਂ ਇਹ ਭਿਆਨਕ ਸਾਕਾ ਅੱਖੀਂ ਨਹੀਂ ਦੇਖ ਸਕਦਾ।

ਦੂਜਾ : ਤੂੰ ਚੰਗਾ ਗੁਰੂ ਦਾ ਸਿੱਖ ਹੈਂ।

ਪਹਿਲਾ : ਆ ਚਾਰ ਕਦਮ ਪਿੱਛੇ ਹਟ ਜਾਈਏ, ਲੋਕਾਂ ਦੀਆਂ ਨਜ਼ਰਾਂ ਤੋਂ ਬਚੇ ਰਹਾਂਗੇ।

ਦੂਜਾ : ਲਓ, ਕੋਤਵਾਲੀ ਵਿੱਚ ਹਿਲਜੁਲ ਸ਼ੁਰੂ ਹੋ ਗਈ ਹੈ।

ਪਹਿਲਾ : (ਆਲੇ ਦੁਆਲੇ ਦੇਖਦਾ ਹੋਇਆ) ਲੋਕੀਂ ਵੀ ਆਉਣੇ ਸ਼ੁਰੂ ਹੋ ਗਏ ਨੇ, ਮੈਨੂੰ ਤਾਂ ਹੌਲ ਪੈਣ ਲੱਗ ਪਿਆ! ਧੰਨ ਗੁਰੂ ਤੇਗ ਬਹਾਦਰ!

(ਉਹਨੂੰ ਹੱਥ ਨਾਲ ਫੜ ਕੇ ਦੋ ਤਿੰਨ ਕਦਮ ਪਿੱਛੇ ਹਟਦਾ ਹੈ।)

## ਚੌਥੀ ਝਾਕੀ

ਲਾਹੌਰੀ ਦਰਵਾਜ਼ੇ ਦੇ ਰੁਖ ਦੋ ਕਸ਼ਮੀਰੀ ਪੰਡਤ ਕਿਸੇ ਉਡੀਕ ਵਿੱਚ ਸਹਿਮੇ ਖੜੇ ਹਨ। ਪੰਡਤ ਕਿਰਪਾ ਰਾਮ ਨਿਰਾਸ਼ਤਾ ਦੀ ਹਾਲਤ ਵਿੱਚ ਕੋਤਵਾਲੀ ਵਿਚੋਂ ਆਉਂਦਾ ਹੈ।

ਖੂਰਾ ਮੁਖੀ : ਪੰਡਤ ਜੀ ਬੜੀ ਛੇਤੀ ਪਰਤ ਆਏ ?

ਕਿਰਪਾ ਰਾਮ : ਦਰੋਗੇ ਨੇ ਅੱਗੇ ਨਹੀਂ ਜਾਣ ਦਿੱਤਾ।

ਮੁਖੀ : ਤੁਸੀਂ ਮਿੰਨਤ ਤਰਲਾ ਕਰਨਾ ਸੀ।

ਕਿਰਪਾ : ਕਈ ਢੰਗ ਵਰਤੇ ਪਰ ਉਸਦਾ ਹਿਰਦਾ ਨਹੀਂ ਪੰਘਰਿਆ।

ਮੁਖੀ : ਤੁਸੀਂ ਦਸ ਦੇਣਾ ਸੀ ਕਿ ਮੈਂ ਗੁਰੂ ਜੀ ਦੇ ਸਾਹਿਬਜ਼ਾਦੇ ਦਾ ਉਸਤਾਦ ਰਿਹਾ ਹਾਂ।

ਕਿਰਪਾ : ਇਸ ਗੱਲ ਦਾ ਵੀ ਵਾਸਤਾ ਪਾਇਆ ਸੀ।

ਮੁਖੀ : ਜੇ ਤੁਸੀਂ ਸੱਚੋ ਸੱਚ ਦਸ ਦਿੰਦੇ ਪਈ ਸਾਡੀ ਫ਼ਰਿਆਦ ਤੇ ਹੀ ਗੁਰੂ ਤੇਗ਼ ਬਹਾਦਰ ਆਤਮ ਸਮਰਪਨ ਕਰ ਰਹੇ ਨੇ ਤਾਂ........

ਕਿਰਪਾ : ਫੇਰ ਸ਼ਾਇਦ ਮੈਨੂੰ ਵੀ ਫੜ ਕੇ ਡੱਕ ਦਿੰਦੇ।

ਮੁਖੀ : ਪੰਡਤ ਜੀ, ਗੁਰੂ ਚਰਨਾਂ 'ਚ ਰਹਿ ਕੇ ਵੀ ਤੁਹਾਡਾ ਡਰ ਨਹੀਂ ਲੱਥਾ। ਤੁਹਾਨੂੰ ਕਿਹਾ ਨਹੀਂ ਸੀ, ਮੈਨੂੰ ਲੈ ਚਲੋ। ਅਜਿਹੇ ਮੌਕੇ ਸ਼ਰਾਫ਼ਤ ਨਾਲੋਂ ਚਾਪਲੂਸੀ ਵਧੇਰੇ ਕੰਮ ਆਉਂਦੀ ਹੈ।

ਕਿਰਪਾ : ਅਸੀਂ ਲੋਕ ਦੂਜਿਆਂ ਦੇ ਗ੍ਰਹਿ ਟਾਲ ਸਕਦੇ ਆਂ, ਜਦੋਂ ਆਪਣੇ ਸਿਰ ਪਏ ਫਿਰ ਕੁਝ ਨਹੀਂ ਸੁਝਦਾ।

ਮੁਖੀ : ਗੁਰੂ ਮਹਾਰਾਜ ਨੇ ਤੁਹਾਨੂੰ ਦੇਖਿਆ ਤਾਂ ਜ਼ਰੂਰ ਹੋਵੇਗਾ।

ਕਿਰਪਾ : ਤੈਨੂੰ ਕਿਵੇਂ ਸ਼ੰਕਾ ਉਪਜਿਆ ?

ਮੁਖੀ : ਤੁਹਾਡਾ ਚਿਹਰਾ ਉਗਾਹੀ ਦੇ ਰਿਹਾ।



ਕਿਰਪਾ : ਮੇਰੇ ਧੰਨਭਾਗ, ਉਨ੍ਹਾਂ ਨੇ ਅੰਦਰੋਂ ਹੱਥ ਨਾਲ ਆਸ਼ੀਰਵਾਦ ਦਿੱਤੀ।

ਮੁਖੀ : ਫੇਰ ਤਾਂ ਤੁਸੀਂ ਬਹੁਤ ਭਾਗਾਂ ਵਾਲੇ ਹੋ, ਪੂਜਣ ਯੋਗ!

ਕਿਰਪਾ : ਪਰ ਮਨੋਰਥ ਤਾਂ ਸਿੱਧ ਨਾ ਹੋਇਆ।

ਮੁਖੀ : ਪਾਰਸ ਦੀ ਗੱਲ ਤੁਸੀਂ ਕੀਤੀ ਹੀ ਨਹੀਂ।

ਕਿਰਪਾ : ਕੀਤੀ ਕਿਉਂ ਨਹੀਂ, ਤੂੰ ਮੈਨੂੰ ਬੁੱਧੂ ਸਮਝਦਾਂ। ਦਰੋਗਾ ਕਹਿਣ ਲੱਗਾ ਬਹੁਤ ਦੇਰ ਹੋ ਗਈ ਹੈ, ਮੈਂ ਆਪਣੀ ਖਲੜੀ ਦਾ ਵੀ ਬਚਾਓ ਕਰਨਾ।

ਕਿਰਪਾ : ਹੁਣ ਤਾਂ ਕੋਈ ਦੈਵੀ ਸ਼ਕਤੀ ਵੀ ਸ਼ਹੀਦੀ ਦੇ ਰਾਹ ਵਿੱਚ ਰੋਕ ਪਾਂਦੀ ਨਹੀਂ ਦਿਸਦੀ।

ਮੁਖੀ : ਅਸਲ ਵਿੱਚ ਗੁਰੂ ਕਰਾਮਾਤ ਦਿਖਾਣ ਦੇ ਵਿਰੁੱਧ ਨੇ, ਵਰਨਾ ਪਾਰਸ ਤਾਂ ਸਭ ਤੋਂ ਵਧੀਆ ਕਰਿਸ਼ਮਾ ਸੀ।

ਕਿਰਪਾ : (ਸੋਚਦਾ ਹੋਇਆ) ਮੇਰੇ ਭਾਣੇ ਤਾਂ ਉਨ੍ਹਾਂ ਦਾ ਬਲਿਦਾਨ ਸਭ ਤੋਂ ਬੜੀ ਕਰਾਮਾਤ ਹੈ, ਸੰਸਾਰ ਭਰ ਦੇ ਇਤਿਹਾਸ ਵਿਚ ਚਰਮ ਪ੍ਰਤਿਗਿਆ।

ਮੁਖੀ : ਜਾਪਦੈ ਪੰਜਾਬ ਵਿੱਚ ਇਸ ਦਾ ਜ਼ਬਰਦਸਤ ਪ੍ਰਤੀਕਰਮ ਹੋਵੇਗਾ। ਪੰਜਾਬੀ ਲੋਕ ਬੜੇ ਅਣਖੀ ਨੇ, ਕਈ ਪੁਸ਼ਤਾਂ ਬਦਲੇ ਦੀ ਭਾਵਨਾ ਨਹੀਂ ਛੱਡਦੇ। ਪੰਡਤ ਜੀ, ਇਹ ਦਸੋ ਸਾਡੇ ਪ੍ਰਤੀ ਮੁਗ਼ਲਾਂ ਦੀ ਕਰੋਪੀ ਨੂੰ ਠੱਲ੍ਹ ਪਊ ਕਿ ਨਾ ?

ਕਿਰਪਾ : ਤੈਨੂੰ ਕੱਲ੍ਹ ਦੀ ਪਈ ਹੈ, ਮੈਨੂੰ ਤਾਂ ਰਹਿ ਰਹਿ ਕੇ ਖ਼ਿਆਲ ਆਉਂਦਾ, ਗੁਰੂ ਤੇਗ਼ ਬਹਾਦਰ ਤਿਲਕ ਜੰਞੂ ਖ਼ਾਤਰ ਕਿੱਡੀ ਮਹਾਨ ਕੁਰਬਾਨੀ ਦੇ ਰਹੇ ਹਨ।

ਮੁਖੀ : ਬਿਲਕੁਲ ਠੀਕ, ਹਿੰਦ ਦੀ ਚਾਦਰ ਬਣ ਕੇ ਲਾਜ ਰੱਖਣ ਲੱਗੇ ਨੇ।

ਕਿਰਪਾ : ਧਰਮ ਤੇ ਸੰਸਕ੍ਰਿਤੀ ਦੇ ਮਹਾਨ ਰਖਸ਼ਕ ਸਿੱਧ ਹੋਏ ਨੇ।

ਮੁਖੀ : ਉਹ ਬੰਦਾ ਤੈਨੂੰ ਕੀ ਇਸ਼ਾਰੇ ਕਰ ਰਿਹਾ ਸੀ ?

ਕਿਰਪਾ : ਤੂੰ ਦੇਖ ਰਿਹਾ ਸੀ ?

ਮੁਖੀ : ਮੇਰੀ ਅੱਖ ਤੁਹਾਡੀ ਇਕ ਇਕ ਹਰਕਤ ਤਾੜ ਰਹੀ ਸੀ।

ਕਿਰਪਾ : ਉਸ ਨੇ ਦੱਸਿਆ ਸੀ, ਦਿੱਲੀ ਦੇ ਪਤਵੰਤੇ ਸਿੱਖ ਹੁਣੇ ਦਰਸ਼ਨ ਕਰਕੇ ਗਏ ਨੇ।

ਮੁਖੀ : ਉਨ੍ਹਾਂ ਨੇ ਜ਼ਰੂਰ ਦਰੋਗੇ ਨੂੰ ਕਾਣਾ ਕੀਤਾ ਹੋਊ।

ਕਿਰਪਾ : ਰਿਸ਼ਵਤ ਤੋਂ ਬਿਨਾਂ ਮੁਗਲਈ ਰਾਜ ਵਿੱਚ ਕੋਈ ਕੰਮ ਸਿਰੇ ਨਹੀਂ ਚੜ੍ਹਦਾ।

ਮੁਖੀ : ਫੇਰ ਤੁਸੀਂ ਵੀ ਮੁਠੀ ਗਰਮ ਕਰਨੀ ਸੀ।

ਕਿਰਪਾ : ਮੇਰੇ ਪੱਲੇ ਕੀ ਸੀ ?

ਮੁਖੀ : ਜੇ ਹੁੰਦਾ ਵੀ ਤਾਂ ਕਿਹੜਾ ਤੁਸੀਂ ਪੱਲਾ ਝਾੜਨ ਵਾਲੇ ਓ!

ਕਿਰਪਾ : ਕਿਸੇ ਕੋਲ ਪੈਸਾ ਕਿਸੇ ਕੋਲ ਬੁੱਧੀ ਦਾਤ।

ਮੁਖੀ : ਅੱਜ ਤਾਂ ਤੁਹਾਡੀ ਬੁੱਧੀ ਵੀ ਜਵਾਬ ਦੇ ਗਈ ਲੱਗਦੀ ਹੈ।

ਕਿਰਪਾ : ਤੂੰ ਕੀ ਸਮਝਦਾਂ ਮੈਂ ਦਰੋਗੇ ਨੂੰ ਪ੍ਰਭਾਵਿਤ ਨਹੀਂ ਕੀਤਾ ?

ਮੁਖੀ : ਫਿਰ ਤੁਹਾਡੇ ਮਿੱਠੇ ਬੋਲਾਂ ਦਾ ਜਾਦੂ ਸਿਰ ਚੜ੍ਹ ਕੇ ਕਿਉਂ ਨਾ ਬੋਲਿਆ?

ਕਿਰਪਾ : ਉਸਨੇ ਮੈਨੂੰ ਬੜੀ ਹਲੀਮੀ ਨਾਲ ਕਿਹਾ, ਹੋਰ ਦੋ ਘੜੀਆਂ ਨੂੰ ਸਤਿਗੁਰੂ ਨੇ ਸਭ ਦੇ ਸਾਹਮਣੇ ਆ ਜਾਣਾ ਏ, ਰਜ ਰਜ ਦਰਸ਼ਨ ਕਰ ਲਿਓ।

ਮੁਖੀ : ਅਜਿਹੇ ਦ੍ਰਿਸ਼ ਪਰਮਾਤਮਾ ਕਿਸੇ ਨੂੰ ਨਾ ਦਿਖਾਵੇ।

ਕਿਰਪਾ : ਇਹ ਗੱਲ ਡਾਢੀ ਅਚੰਭੇ ਵਾਲੀ ਦੇਖੀ ਹੈ।

ਮੁਖੀ : ਉਹ ਕੀ ?

ਕਿਰਪਾ : ਦਰੋਗਾ ਅਦੁੱਤੀ ਸ਼ਰਧਾ ਨਾਲ ਗੁਰੂ ਜੀ ਬਾਰੇ ਗੱਲਾਂ ਕਰ ਰਿਹਾ ਸੀ, ਉਸਦਾ ਹਿਰਦਾ ਰੋ ਰਿਹਾ ਸੀ।

ਮੁਖੀ : ਗੁਰੂ ਤੇਗ ਬਹਾਦਰ ਦੀ ਸ਼ਖਸੀਅਤ ਹੀ ਐਨੀ ਖਿੱਚ-ਭਰਪੂਰ ਹੈ, ਬੰਦਾ ਬਦੋਬਦੀ ਪ੍ਰਭਾਵਿਤ ਹੋ ਜਾਂਦਾ ਹੈ।

ਕਿਰਪਾ : ਅਸਲ ਵਿੱਚ ਦਰੋਗਾ ਵੀ ਮਜਬੂਰ ਸੀ।

ਮੁਖੀ : ਫੇਰ ਤੁਸੀਂ ਉਥੇ ਖੜੇ ਕੀ ਝਾਕਦੇ ਰਹੇ ?

ਕਿਰਪਾ : ਉਹ ਐਨੀਂ ਗੱਲ ਮੰਨ ਗਿਆ ਸੀ।

ਮੁਖੀ : ਕੀ ?

ਕਿਰਪਾ : ਪਈ ਮੈਂ ਆਪ ਗੁਰੂ ਨੂੰ ਤੇਰਾ ਸੁਨੇਹਾ ਪਹੁੰਚਾ ਦਿੰਦਾਂ।

ਮੁਖੀ : ਪੰਡਤ ਜੀ, ਤੁਸੀਂ ਬਹੁਤ ਚਤਰ ਹੋ, ਢਿੱਡ ਦੀ ਪੂਰੀ ਗੱਲ ਕਿਸੇ ਨੂੰ ਨਹੀਂ ਦਸਦੇ। ਫੇਰ ਉਹ ਕੀ ਉੱਤਰ ਲੈ ਕੇ ਆਇਆ ?

ਕਿਰਪਾ : ਗੁਰੂ ਜੀ ਨੇ ਕਿਹਾ, ਸਾਡਾ ਸਭ ਤੋਂ ਵੱਡਾ ਪਾਰਸ ਪਰਮਾਤਮਾ ਦਾ ਨਾਮ ਹੈ। ਕੱਲ੍ਹ ਜੋ ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਸਤੀ ਦਾਸ ਨੇ ਕਰ ਵਿਖਾਇਆ, ਕੀ ਉਹ ਕਿਸੇ ਕਰਾਮਾਤ ਤੋਂ ਘੱਟ ਹੈ ?



ਮੁਖੀ : ਵਾਹ! ਪਰਮਾਤਮਾ ਨਾਲ ਅਭੇਦ ਪੁਰਸ਼ ਹੀ ਦੁਖਾਂ ਦੇ ਰੂਬਰੂ ਸਹਿਜ ਨਾਲ ਇਹ ਗੱਲ ਕਹਿ ਸਕਦਾ ਹੈ।

ਕਿਰਪਾ : ਇਹ ਸੰਦੇਸ਼ਾ ਦੇਂਦਿਆਂ ਦਰੋਗਾ ਡੂੰਘੇ ਦੁੱਖ ਵਿਚ ਡੁੱਬਾ ਹੋਇਆ ਸੀ।

ਮੁਖੀ : ਆਹ ਕੌਣ ਆ ਰਿਹਾ ?

ਕਿਰਪਾ : (ਹੌਲੀ) ਕੋਈ ਗੁਪਤਚਰ ਨਾ ਹੋਵੇ।

ਮੁਖੀ : ਫਰਮਾਓ, ਕਿਸ ਨੂੰ ਭਾਲ ਰਹੇ ਹੋ ?

ਤੀਜਾ ਸਿੱਖ : ਪੰਡਤ ਕਿਰਪਾ ਰਾਮ ਨੂੰ।

ਮੁਖੀ : ਆਹ ਖੜੇ ਨੇ ਪੰਡਤ ਜੀ।

ਸਿੱਖ : ਮੈਨੂੰ ਲੱਖੀ ਸ਼ਾਹ ਨੇ ਦੱਸਿਆਂ, ਤੁਸੀਂ ਹੁਣੇ ਗੁਰੂ ਜੀ ਦੇ ਦਰਸ਼ਨ ਕਰਕੇ ਆਏ ਹੋ।

ਕਿਰਪਾ : ਯਤਨ ਨਿਸਫਲ ਰਿਹਾ, ਸਜਨਾ।

ਸਿੱਖ : ਕੀ ਤੁਹਾਡੀ ਫਰਿਆਦ ਤੇ ਹੀ ਗੁਰੂ ਜੀ ਇਹ ਸ਼ਹਾਦਤ ਦੇ ਰਹੇ ਨੇ?

ਕਿਰਪਾ : ਅਸੀਂ ਕਦੇ ਸੋਚਿਆ ਵੀ ਨਹੀਂ ਸੀ ਕਿ ਆਲਮਗੀਰ ਭਾਰਤ ਦੀ ਸਭ ਤੋਂ ਮਹਾਨ ਹਸਤੀ ਨੂੰ ਨੁਕਸਾਨ ਪਹੁੰਚਾਣ ਦੀ ਜੁਰੱਅਤ ਕਰੇਗਾ।

ਸਿੱਖ : ਤੁਸੀਂ ਕਸ਼ਮੀਰੀ ਪੰਡਤ ਬਹੁਤ ਚਤਰ ਹੋ।

ਕਿਰਪਾ : ਪਰ ਗੁਰਮੁਖਾ, ਸਾਡੀਆਂ ਸਭ ਚਤਰਾਈਆਂ ਜ਼ਾਲਮ ਸੂਬੇਦਾਰ ਨੇ ਮਿੱਟੀ ਵਿੱਚ ਰੋਲ ਦਿੱਤੀਆਂ ਨੇ।

ਸਿੱਖ : ਭਾਈ ਮਤੀ ਦਾਸ ਵਾਂਗ ਤੁਸੀਂ ਸ਼ਹੀਦੀ ਲਈ ਖ਼ੁਦ ਤਿਆਰ ਕਿਉਂ ਨਾ ਹੋਏ ?

ਮੁਖੀ : ਭਲਿਆ ਲੋਕਾ, ਸਾਨੂੰ ਇਥੇ ਕੌਣ ਪੁਛਦਾ ?

ਕਿਰਪਾ : ਸਜਨਾ, ਤੇਰਾ ਇਸ਼ਾਰਾ ਅਸੀਂ ਖ਼ੂਬ ਸਮਝਦੇ ਆਂ, ਬੁੱਧੀਮਾਨ ਸੁਭਾਵਕ ਤੌਰ ਤੇ ਡਰਪੋਕ ਹੁੰਦਾ, ਇਸੇ ਕਰਕੇ ਬਹੁਤੇ ਕਸ਼ਮੀਰੀ ਪੰਡਤ ਰਿਆਸਤ ਛੱਡ ਕੇ ਭੱਜ ਗਏ, ਰਹਿੰਦੇ ਖੂੰਹਦੇ ਇਸਲਾਮ ਵਿੱਚ ਦਾਖ਼ਲ ਹੋ ਗਏ।

ਸਿੱਖ : ਫੇਰ ਹੁਣ ਤੁਹਾਡੇ ਸਿਰੋਂ ਬਲਾ ਟਲ ਜਾਊਗੀ ?

ਕਿਰਪਾ : ਸਾਨੂੰ ਪੂਰਨ ਵਿਸ਼ਵਾਸ ਹੈ, ਆਲਮਗੀਰ ਦਾ ਅੰਤਹਕਰਣ ਜ਼ਰੂਰ ਹਲੂਣਿਆਂ ਜਾਵੇਗਾ, ਇਸ ਨਾਲ ਉਹ ਆਪਣੀ ਇਖ਼ਲਾਕੀ ਹਾਰ ਮਹਿਸੂਸ ਕਰੇਗਾ।

ਸਿੱਖ : ਹਾਰਿਆ ਹੋਇਆ ਬੰਦਾ ਸਗੋਂ ਹੋਰ ਹਰਖਦਾ।

ਕਿਰਪਾ : ਸਿੱਖ ਵੀ ਘਟ ਨਹੀਂ। ਮੈਂ ਨੇੜਿਓਂ ਦੇਖ ਚੁੱਕਾਂ ਹਾਂ 'ਜਬੈ ਬਾਣ ਲਾਗੋ ਤਬੈ ਰੋਸ ਜਾਗੋ' ਵਾਲੀ ਗੱਲ ਹੋਵੇਗੀ।

ਸਿੱਖ : ਅੱਛਾ! ਮੈਂ ਭਾਈ ਲੱਖੀ ਸ਼ਾਹ ਨੂੰ ਸਾਰੀ ਗੱਲ ਦਸਦਾਂ।

ਕਿਰਪਾ : ਕਿਹੜਾ ਏ ਭਾਈ ਲੱਖੀ ਸ਼ਾਹ ? ਨਾਮ ਬਹੁਤ ਸੁਣਿਆ ਹੋਇਆ।

ਸਿੱਖ : ਓਹ ਦੇਖੋ, ਵਡੇ ਸਫੇਦ ਪਗੜ ਵਾਲਾ, ਗੁਰੂ ਦਾ ਅਨਿਨ ਭਗਤ।

ਕਿਰਪਾ : (ਹੈਰਾਨੀ ਨਾਲ) ਪਰ ਉਹ ਸ਼ਖਸ ਤਾਂ ਗੁਰੂ ਜੀ ਦੇ ਵਿਰੁੱਧ ਬੋਲ ਰਿਹਾ ਸੀ।

ਸਿੱਖ : ਬਿਲਕੁਲ ਗ਼ਲਤ ਹੈ।

ਕਿਰਪਾ : ਮੈਂ ਇਨ੍ਹਾਂ ਕੰਨਾਂ ਨਾਲ ਸੁਣਿਐ, ਕਿਉਂ ਪੰਡਤ ਜੀ ?

ਮੁਖੀ : ਅਸੀਂ ਉਨ੍ਹਾਂ ਦੇ ਕੋਲੋਂ ਲੰਘ ਕੇ ਆਏ ਹਾਂ।

ਕਿਰਪਾ : ਮੇਰੇ ਕੰਨ ਗੁਰੂ-ਨਿੰਦਾ ਸੁਣਨ ਦੇ ਆਦੀ ਨਹੀਂ।

ਸਿੱਖ : (ਹੌਲੀ) ਇਹ ਢਕਵੰਜ ਹੈ। ਸੂਹੀਏ ਦੁਆਲੇ ਮੱਖੀਆਂ ਵਾਂਗ ਫਿਰਦੇ ਨੇ।

ਕਿਰਪਾ : ਉਸ ਦੇ ਨਾਲ ਕੌਣ ਹਨ ?

ਸਿੱਖ : ਉਸਦੇ ਪੁੱਤਰ ਤੇ ਹੋਰ ਸਾਕ ਸਬੰਧੀ।

ਕਿਰਪਾ : ਮਾਲੂਮ ਹੁੰਦਾ ਕਪਾਹ ਦੇ ਗੱਡੇ ਲੈ ਕੇ ਮੰਡੀ ਜਾ ਰਹੇ ਸਨ, ਰਾਹ ਵਿੱਚ ਰੋਕ ਦਿੱਤੇ।

ਸਿੱਖ : (ਉੱਪਰ ਦੇਖਦਾ ਹੋਇਆ) ਤੁਸੀਂ ਠੀਕ ਬੁੱਝਿਆ ਹੈ।

ਕਿਰਪਾ : ਉਹ ਪਗਲੀ ਕੀ ਹਰਕਤਾਂ ਕਰ ਰਹੀ ਹੈ ?

ਸਿੱਖ : ਮੈਨੂੰ ਤਾਂ ਗੁਰਸਿਖ ਲਗ ਰਹੀ ਹੈ ?

ਕਿਰਪਾ : ਫੇਰ ਉਸਨੂੰ ਫੜਦੇ ਕਿਉਂ ਨਹੀਂ ?

ਸਿੱਖ : ਡਰਦੇ ਨੇ, ਜਾਦੂ ਟੂਣੇ ਕਰਦੀ ਏ, ਮੰਤਰ ਪੜ੍ਹਾਂਦੀ ਏ।

ਕਿਰਪਾ : ਅਸਚਰਜ ਗੱਲ ਹੈ, ਇਹ ਟੂਣੇਹਾਰੀ ਤੋਂ ਡਰਦੇ ਨੇ, ਪਰ ਅਕਾਲ ਮੂਰਤ ਮਹਾਪੁਰਸ਼ ਨੂੰ ਕਤਲ ਕਰਨ ਤੋਂ ਨਹੀਂ ਘਬਰਾਏ।

ਸਿੱਖ : ਬੇਹਦ ਖੌਫ਼ਜ਼ਦਾ ਨੇ, ਸਿਪਾਹੀ ਤੋਂ ਕਾਜ਼ੀ ਤੱਕ ਅੰਦਰੋਂ ਧਰਕੇ ਹੋਏ ਨੇ।

ਕਿਰਪਾ : ਲਓ, ਉਹ ਜਲਾਦ ਆ ਗਿਆ!, ਦੇਖ, ਕਿਵੇਂ ਤਲਵਾਰ ਉਲਾਰ ਰਿਹਾ! ਹੇ ਪਰਮਾਤਮਾ! ਸਾਨੂੰ ਇਹ ਭਾਣਾ ਦੇਖਣ ਦੀ ਸ਼ਕਤੀ ਬਖਸ਼! ਇਹ ਕੀ ਉਪੱਦਰ ਹੋਣ ਲੱਗਾ ਹੈ!!!

(ਚੜ੍ਹਦੇ ਵਲ ਨੂੰ ਅੰਤਰ ਧਿਆਨ ਹੋ ਕੇ ਖੜਾ ਹੋ ਜਾਂਦਾ ਹੈ।)



## ਪੰਜਵੀਂ ਝਾਕੀ

ਕੋਤਵਾਲੀ ਦੇ ਸਾਹਮਣੇ ਪਿਛੇ ਹਟਵੇਂ ਕਿਸਾਨ ਗਭਰੂ ਜੁੜੇ ਖੜੇ ਹਨ। (ਉਨ੍ਹਾਂ ਦੇ ਪਿਛਲੇ ਪਾਸੇ ਕਪਾਹ ਦੇ ਗੱਡੇ ਦਿਖਾਈ ਦਿੰਦੇ ਹਨ। ਉਨ੍ਹਾਂ ਦੇ ਹੱਥਾਂ ਵਿੱਚ ਪਰੈਣਾ ਤੇ ਸੋਟੇ ਹਨ। ਸ਼ਾਹੀ ਠੇਕੇਦਾਰ ਲੱਖੀ ਸ਼ਾਹ ਉਨ੍ਹਾਂ ਨੂੰ ਅੱਗੇ ਜਾਣ ਤੋਂ ਰੋਕਦਾ ਹੈ। ਉਨ੍ਹਾਂ ਵਿੱਚ ਪਹਿਲੇ ਸੀਨ ਵਾਲਾ ਨੌਜਵਾਨ ਤੇ ਤੀਜੀ ਝਾਕੀ ਵਾਲਾ ਸਿੱਖ ਨਗਾਹੀਆ ਹੈ।)

ਲੱਖੀ ਸ਼ਾਹ : ਓਏ ਗਭਰੂਓ, ਕਿਉਂ ਕਾਹਲੇ ਪੈਂਦੇ ਹੋ। ਪਿਛੇ ਹਟੋ! ਐਵੇਂ ਅਵਾ ਤਵਾ ਬੋਲ ਬੈਠੋਂਗੇ। ਹੋਰ ਈ ਪੁਆੜਾ ਖੜਾ ਹੋ ਜਾਊ।

ਜਵਾਹਰ : ਬਾਪੂ, ਕਿਉਂ ਤੂੰ ਸਾਨੂੰ ਹਟਕੀ ਜਾਨਾਂ, ਉਂਜ ਤੂੰ ਗੁਰੂ ਦਾ ਵੱਡਾ ਭਗਤ ਬਣੀ ਫਿਰਦਾਂ।

ਲੱਖੀ : ਅਣਇਆਈ ਮੌਤੇ ਜ਼ਰੂਰ ਮਰਨਾਂ ਤੁਸੀਂ।

ਜਵਾਹਰ : ਕੀ ਗੁਰੂ ਜੀ ਖ਼ੁਦ ਬਲੀ ਨਹੀਂ ਦੇਣ ਲੱਗੇ ?

ਨਗਾਹੀਆ : ਬਾਪੂ ਤੇਰੇ ਅੱਠ ਪੁੱਤਰਾਂ ਵਿਚੋਂ ਦੋ ਤਿੰਨ ਗੁਰੂ ਦੇ ਲੇਖੇ ਲਗ ਗਏ ਤਾਂ ਆਖ਼ਰ ਕਿਹੜੀ ਆ ਜਾਊ, ਸਗਵਾਂ ਤੇਰਾ ਨਾਮ ਈ ਰੋਸ਼ਨ ਹੋਊ ਕਿ।

ਲੱਖੀ : ਕਿਉਂ ਜੁਆਨੀ ਅੰਵਾਈ ਗੁਆਉਂਦੇ ਹੋ ?

ਨਗਾਹੀਆ : ਬਾਪੂ ਉਹ ਜਵਾਨੀ ਫੂਕਣੀ ਏ ਜਿਹੜੀ ਦੇਸ਼ ਤੇ ਧਰਮ ਲਈ ਕੰਮ ਨਾ ਆਵੇ।

ਜਵਾਹਰ : ਮੈਨੂੰ ਤਾਂ ਅਗਾਂਹ ਹੋ ਲੈਣ ਦੇ। ਉਸ ਜੱਲਾਦ ਦੇ ਡੱਕਰੇ ਕਰਾਂ, ਕਿੱਦਾਂ ਤਲਵਾਰ ਤੇਜ਼ ਕਰ ਕਰ ਦਿਖਾਉਂਦਾ, ਵੱਡਾ ਕਸਾਈ।

ਲੱਖੀ : ਮੁੰਡਿਓ, ਐਵੇਂ ਨਾ ਡੌਲੇ ਫਰਕਾਓ, ਤੁਹਾਡੀ ਕੁਰਬਾਨੀ ਦਾ ਮੌਕਾ

ਵੀ ਆਵੇਗਾ। ਥੋਹੜਾ ਸਬਰ ਕਰੋ, ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਤਾਂ ਕੰਮ ਸ਼ੁਰੂ ਹੋਣਾ।

ਜਵਾਹਰ : ਬਾਪੂ ਅੱਜ ਨਾਲੋਂ ਹੋਰ ਕਿਹੜਾ ਭਾਰੀ ਮੌਕਾ ਜੁੜਨੈ, ਤੂੰ ਲਾਂਭੇ ਹੋ ਜਾ ਪਲ ਭਰ, ਅਸੀਂ ਆਪੇ ਨਿਬੜ ਲਵਾਂਗੇ।

ਨਗਾਹੀਆ : ਬਾਪੂ, ਇਨ੍ਹਾਂ ਦੁਸ਼ਟਾਂ ਨੇ ਗੁਰੂ ਜੀ ਦੇ ਸੀਸ ਨੂੰ ਮਿੱਟੀ ਘੱਟੇ 'ਚ ਰੋਲਣਾ, ਅਸੀਂ ਇਹ ਨਹੀਂ ਹੋਣ ਦੇਣਾ।

ਜਵਾਹਰ : ਇਹ ਸਮਝਦੇ ਨੇ ਸਖ਼ਤੀ ਨਾਲ ਸਿੱਖਾਂ ਨੂੰ ਧਰਮ ਤੋਂ ਗਿਰਾ ਦਿਆਂਗੇ।

ਨਗਾਹੀਆ : ਇਹ ਭੁਲੇਖਾ ਮੁਗ਼ਲਾਂ ਦਾ ਅੱਜ ਹੀ ਕੱਢ ਦਿਆਂਗੇ।

ਜਵਾਹਰ : ਆਲਮਗੀਰ ਨੇ ਦਿੱਲੀ ਦੇ ਸਿੱਖਾਂ ਦੀ ਅਣਖ ਨੂੰ ਵੰਗਾਰਿਆ ਹੈ। ਅਸੀਂ ਇਹ ਭਾਜੀ ਕਬੂਲ ਕਰਦੇ ਹਾਂ।

ਨਗਾਹੀਆ : ਬਾਪੂ, ਅਸੀਂ ਕਾਇਰਾਂ ਵਾਂਗ ਡਰਦੇ ਅੰਦਰ ਨਹੀਂ ਵੜ ਰਹਿਣਾ।

ਲੱਖੀ : ਮੂਰਖੋ, ਮੇਰੀ ਵੀ ਸੁਣੋ, ਕਿਉਂ ਚਬਰ ਚਬਰ ਬੋਲੀ ਜਾਂਦੇ ਹੋ। ਮੈਨੂੰ ਤੁਹਾਡੇ ਨਾਲੋਂ ਘੱਟ ਦੁਖ ਐ ? ਖੌਰੇ ਐਨੇ ਦਿਨਾਂ ਦਾ ਮੈਂ ਕਿੱਦਾਂ ਗੁਰੂ ਉੱਤੇ ਹੁੰਦੇ ਤਸੀਹੇ ਜਰ ਰਿਹਾਂ।

ਨਗਾਹੀਆ : ਦੱਸ ਕੀ ਕਹਿੰਦਾਂ ਤੂੰ।

ਲੱਖੀ : ਸ਼ਹੀਦੀ ਤੋਂ ਬਾਦ ਤੁਹਾਨੂੰ ਖੁਲ੍ਹ ਹੈ ਜਿੰਨਾਂ ਮਰਜ਼ੀ ਸ਼ੋਰ ਮਚਾ ਲਿਓ।

ਜਵਾਹਰ : ਪਿਛੋਂ ਕੀ ਫੈਦਾ ਹੋਊ ?

ਲੱਖੀ : (ਇਸ਼ਾਰੇ ਨਾਲ) ਮੂਰਖੋ, ਸਿਪਾਹੀਆਂ ਦਾ ਧਿਆਨ ਖਿੱਚਣ ਲਈ। ਤੁਸੀਂ ਝੂਠੀ ਲੜਾਈ ਬਲਕਿ ਬਲਵੇ ਦਾ ਦ੍ਰਿਸ਼ ਬਣਾ ਘਤਿਓ। ਬੇਸ਼ੱਕ ਦੋ ਤਿੰਨ ਸਿਪਾਹੀਆਂ ਨੂੰ ਜੜ ਦਿਓ ਆਪੇ ਅਹਿਲਕਾਰ ਕੜਕ ਪੈਣਗੇ।

ਨਗਾਹੀਆ : ਬਾਪੂ ਮੈਂ ਸਮਝ ਗਿਆਂ ਤੇਰੀ ਗੁੱਝੀ ਰਮਜ਼।

ਲੱਖੀ : (ਚੁੱਪ ਰਹਿਣ ਦਾ ਇਸ਼ਾਰਾ ਕਰਕੇ) ਚੁੱਪ! (ਖੰਘੂਰਾ ਮਾਰ ਕੇ) ਮੌਲਾਨਾ ਸਾਹਿਬ, ਵਕਤ ਕਦ ਦਾ ਹੋ ਗਿਆ, ਹੁਣ ਢਿੱਲ ਕਿਸ ਗੱਲ ਦੀ ਏ?

ਮੌਲਾਨਾ : ਮੈਂ ਆਪ ਹੈਰਾਨ ਹਾਂ, ਕੋਈ ਰੁਕਾਵਟ ਹੀ ਨਾ ਪੈ ਗਈ ਹੋਵੇ। ਕਾਜ਼ੀ ਬੋਹਰਾ ਵੀ ਅਜੇ ਤੱਕ ਨਹੀਂ ਪਹੁੰਚੇ।

ਲੱਖੀ : ਅਸੀਂ ਸਰਘੀ ਵੇਲੇ ਦੇ ਡੱਕੇ ਆਂ। ਐਸ ਵੇਲੇ ਤੱਕ ਤਾਂ ਅਸੀਂ ਤਕੜਾ ਜੋਤਾ ਲਾ ਦਿੰਦੇ ਆਂ। ਪਸ਼ੂ ਵੇਖ ਭੁੱਖੇ ਭਾਣੇ ਖੜੇ ਨੇ।



ਮੌਲਾਨਾ : ਥੋੜ੍ਹੀ ਦੇਰ ਹੋਰ ਸਬਰ ਕਰੋ, ਸਭ ਕੁਝ ਠੀਕ ਹੋ ਜਾਊ।

ਲੱਖੀ : ਮੌਲਾਨਾ ਸਾਹਿਬ, ਕਿਸੇ ਕੰਨ ਵਿੱਚ ਪਾਇਆ, ਰੜਕਣਾ ਈ ਨਹੀਂ, ਸੱਨਾਟਾ ਛਾ ਜਾਣਾ ਏ ਪੰਜਾਬ ਵਿੱਚ।

ਮੌਲਾਨਾ : ਕਾਫ਼ਰਾਂ ਨੇ ਵੀ ਤਾਂ ਅੱਤ ਚੁੱਕ ਲਈ ਸੀ। ਕਈ ਬੇਵਕੂਫ ਮੁਸਲਮਾਨ ਵੀ ਪੈਰੋਕਾਰ ਬਣ ਰਹੇ ਸਨ ਸਿੱਖ ਪੀਰ ਦੇ।

ਜਵਾਹਰ : ਕੋਈ ਰੂਹਾਨੀ ਸ਼ਕਤੀ ਵਾਲਾ ਈ ਮਗਰ ਲਾ ਸਕਦਾ ਦੂਜੇ ਨੂੰ।

ਲੱਖੀ : ਓਇ ਮੁੰਡਿਆ, ਸਿਰ ਫੇਹ ਦਿਆਂਗਾ। ਮੁਗ਼ਲਅਈ ਸਲਤਨਤ ਦੇ ਵਿਰੁੱਧ ਮੈਂ ਇੱਕ ਵੀ ਲਫ਼ਜ਼ ਨਹੀਂ ਸੁਣ ਸਕਦਾ, ਅਸੀਂ ਵਫ਼ਾਦਾਰ ਰਈਅਤ ਹਾਂ।

ਮੌਲਾਨਾ : (ਮੁੰਡਿਆਂ ਨੂੰ ਸੁਣਾ ਕੇ) ਤੁਸੀਂ ਖ਼ਿਰਾਜ ਗੁਜ਼ਾਰ ਹੋ, ਤੁਹਾਨੂੰ ਬੋਲਣ ਦਾ ਕੋਈ ਹੱਕ ਨਹੀਂ।

ਲੱਖੀ : ਜਨਾਬ! ਅਸੀਂ ਤਾਂ ਆਲਮਗੀਰ ਦੀ ਖ਼ਾਤਰ ਖ਼ੂਨ ਦਾ ਆਖ਼ਰੀ ਤੁਬਕਾ ਡੋਲ੍ਹਣ ਲਈ ਤਿਆਰ ਬੈਠੇ ਹਾਂ।

ਮੌਲਾਨਾ : (ਖ਼ੁਸ਼ ਹੋ ਕੇ) ਲੱਖੀ ਸ਼ਾਹ, ਐਵੇਂ ਨਹੀਂ ਅਗਲਿਆਂ ਤੈਨੂੰ ਸ਼ਾਹੀ ਠੇਕੇਦਾਰ ਬਣਾਇਆ ਹੋਇਆ।

ਲੱਖੀ : ਓਹ ਸੂਫ਼ੀ ਫ਼ਕੀਰ ਕੀ ਹਰਕਤਾਂ ਕਰ ਰਿਹਾ ?

ਮੌਲਾਨਾ : ਕਾਫ਼ਰਾਂ ਨਾਲ ਜ਼ਾਹਰਾ ਹਮਦਰਦੀ ਜਤਾ ਰਿਹਾ।

ਲੱਖੀ : ਤੁਸੀਂ ਉਹਦੇ ਕੰਨ ਖਿੱਚੋ ਜਾਂ ਸ਼ਿਕਾਇਤ ਕਰੋ।

ਮੌਲਾਨਾ : ਠੀਕ ਕਿਹਾ, ਮੈਂ ਦੇਖਦਾ ਹਾਂ ਜਾ ਕੇ।

ਲੱਖੀ : (ਉਹਦੇ ਜਾਣ ਪਿੱਛੋਂ ਮੁਸਕ੍ਰਾਂਦਾ ਹੋਇਆ) ਜੇ ਕੋਈ ਕੁਸਕਿਆ ਮੌਰ ਭੰਨ ਦੇਊਂਗਾ। (ਹੌਲੀ) ਮੂਰਖੋ ! ਕੀਤੀ ਕਰਾਈ ਤੇ ਪਾਣੀ ਨਾ ਫੇਰ ਦਿਉ। ਇਹ ਭਾਰੀ ਸੂਹੀਆ ਏ।

ਜਵਾਹਰ : ਬਾਪੂ, ਅਸੀਂ ਤੇਰੀ ਮੰਨ ਲਈ, ਇਕ ਗੱਲ ਸਾਡੀ ਵੀ ਸੁਣ ਲੈ। ਰੌਲਾ ਗੌਲਾ ਬਖੇੜਾ ਪਾ ਦਿਆਂਗੇ, ਪਰ ਸ਼ਹੀਦੀ ਪਿਛੋਂ ਅਸੀਂ ਸੱਚੀ ਮੁੱਚੀਂ ਮਰਨ ਮਾਰਨ ਦੇ ਰੌ ਵਿੱਚ ਹੋਣਾ।

ਨਗਾਹੀਆ : ਸਾਡੀਆਂ ਅੱਖਾਂ ਵਿੱਚ ਤਾਂ ਹੁਣੇ ਖ਼ੂਨ ਉਤਰ ਆਇਆ।

ਜਵਾਹਰ : ਜੇ ਇੱਕ ਅੱਧਾ ਪਿਆਦਾ ਸਾਡੇ ਹੱਥੋਂ ਮਾਰਿਆ ਗਿਆ ਤਾਂ ਸਾਨੂੰ ਦੋਸ਼ ਨਾ ਦੇਈਂ।

ਲੱਖੀ : ਮੈਂ ਕਾਹਨੂੰ ਕੁਝ ਕਹਿਣਾ, ਆਪੇ ਸਾਈਂ ਨਿਬੜਣਗੇ।

ਜਵਾਹਰ : ਬਾਪੂ, ਪਹਿਲਾਂ ਹੀ ਰੌਲਾ ਗੌਲਾ ਕਿਉਂ ਨਾ ਪਾ ਦੇਈਏ, ਭਿਆਨਕ ਵੇਲਾ ਟਾਲਣ ਲਈ।

ਲੱਖੀ : ਕੋਈ ਫ਼ਾਇਦਾ ਨਹੀਂ ਹੋਣਾ ਸਗੋਂ ਦੁਸ਼ਟਾਂ ਦੇ ਹੱਥ ਹੋਰ ਮਜ਼ਬੂਤ ਹੋ ਜਾਣਗੇ।

ਨਗਾਹੀਆ : ਓਹ ਸ਼ੈਦ ਕਾਜ਼ੀ ਆ ਰਿਹਾ ?

ਲੱਖੀ : ਠੀਕ ਇਹੋ ਕਾਜ਼ੀ ਥੋਹਰਾ ਹੈ, ਪੁੱਜ ਕੇ ਰਿਸ਼ਵਤਖ਼ੋਰ! ਇਹਦੇ ਨਾਲੋਂ ਵੱਧ ਨਿਰਦਈ ਤੇ ਭਰਿਸ਼ਟ ਬੰਦਾ ਸਾਰੇ ਹਿੰਦੁਸਤਾਨ ਵਿੱਚ ਵੀ ਕੋਈ ਨਹੀਂ ਹੋਣਾ। ਕਈ ਧੰਦੇ ਇਸਨੇ ਸ਼ੁਰੂ ਕੀਤੇ ਹੋਏ ਨੇ।

ਜਵਾਹਰ : ਫੇਰ ਇਹਨੂੰ ਮਾਇਆ ਨਾਲ ਅੰਨ੍ਹਾ ਕਿਉਂ ਨਾ ਕੀਤਾ।

ਲੱਖੀ : ਸਿੱਖ ਸੰਗਤਾਂ ਤਾਂ ਤਿਆਰ ਸਨ, ਪਰ ਸਤਿਗੁਰੂ ਜੀ ਨਹੀਂ ਮੰਨੇ।

ਨਗਾਹੀਆ : ਬਾਪੂ, ਇਹ ਬਦੀ ਕਰਨ ਤੇ ਤੁਲੇ ਹੋਏ ਨੇ, ਸਾਨੂੰ ਵੀ ਚੰਡ ਚੜ੍ਹਦਾ ਜਾਂਦਾ।

ਲੱਖੀ : ਮੇਰੇ ਵੀ ਸਬਰ ਦਾ ਪਿਆਲਾ ਉਛਲ ਪਿਆ! ਪੁਤਰੋ! ਸੁਣੋ, ਮੇਰੀ ਇੱਕ ਗੱਲ ਮੰਨੋ।

ਨਗਾਹੀਆ : ਬਾਪੂ, ਦਸ ਕੀ ਚਾਹੁੰਦੈਂ ? (ਸਾਰੇ ਨੇੜੇ ਹੋ ਜਾਂਦੇ ਹਨ)

ਲੱਖੀ : (ਦੋਬੀ ਗੰਭੀਰਤਾ ਨਾਲ) ਜੇ ਕੋਈ ਹੋਰ ਚਾਰਾ ਨਾ ਚਲਿਆ ਤਾਂ ਐਸ ਕਟਾਰ ਨਾਲ ਮੇਰਾ ਸਿਰ ਕੱਟ ਕੇ ਰੱਖ ਦਿਓ ਤੇ ਗੁਰੂ ਜੀ ਦਾ ਚੁੱਕ ਲਿਓ।

ਦੋਵੇਂ : (ਚੀਕ ਕੇ) ਬਾਪੂ!

ਜਵਾਹਰ : ਬਾਪੂ, ਕਿਉਂ ਤੂੰ ਸਾਡੀ ਜੁਆਨੀ ਨੂੰ ਲਾਜ ਲਾਣ ਲੱਗਾ। ਤੇਰੇ ਅੱਠੇ ਪੁੱਤਰ ਗੁਰੂ ਖ਼ਾਤਰ ਜਾਨ ਵਾਰਨ ਲਈ ਤਿਆਰ ਨੇ।

ਨਗਾਹੀਆ : ਬਾਪੂ! ਸਾਡੇ ਤੇ ਭਰੋਸਾ ਰੱਖ, ਸਾਨੂੰ ਜਾਨ ਨਾਲੋਂ ਧਰਮ ਪਿਆਰਾ ਹੈ। ਤੂੰ ਜਾਹ, ਸਾਡੇ ਲਾਗੇ ਨਾ ਆਵੀਂ।

(ਲੱਖੀ ਸ਼ਾਹ ਉਨ੍ਹਾਂ ਤੋਂ ਵੱਖ ਹੋ ਜਾਂਦਾ ਹੈ। ਉਹ ਘੁਸਰ ਮੁਸਰ ਕਰਦੇ ਹਨ।)



## ਛੇਵੀਂ ਝਾਕੀ

ਕਿਸਾਨਾਂ ਦੇ ਗਰੋਹ ਦੇ ਸੱਜੇ ਪਾਸੇ ਤਿੰਨ ਚਾਰ ਨੌਜਵਾਨ ਖੜੇ ਹਨ ਜੋ ਪਹਿਰਾਵੇ ਤੋਂ ਰਾਜਪੂਤ ਲਗਦੇ ਹਨ। ਦੂਜਾ ਨੌਜਵਾਨ ਅਸਲ ਵਿੱਚ ਨਗਾਹੀਆਂ ਹੈ।

ਪਹਿਲਾ : ਸਿੱਖਾਂ ਨੇ ਕੁਰਬਾਨੀ ਔਰ ਬਹਾਦਰੀ ਵਿੱਚ ਰਾਜਪੂਤਾਂ ਨੂੰ ਮਾਤ ਪਾ ਦਿੱਤਾ।

ਦੂਜਾ : ਜੇ ਅੱਜ ਮਿਰਜ਼ਾ ਜੈ ਸਿੰਘ ਹੁੰਦਾ ਤਾਂ ਆਲਮਗੀਰ ਇਹ ਜ਼ੁਲਮ ਕਰਨ ਦਾ ਹੌਸਲਾ ਨਾ ਕਰਦਾ।

ਤੀਜਾ : ਹੁਣ ਤਾਂ ਅਸੀਂ ਘਸਿਆਰੇ ਬਣ ਗਏ ਆਂ।

ਪਹਿਲਾ : ਅਣਖੀ ਰਾਜਪੂਤ ਅਜੇ ਵੀ ਸੁਤੰਤਰਤਾ ਦਾ ਝੰਡਾ ਝੁਲਾ ਰਹੇ ਹਨ।

ਦੂਜਾ : ਪਰ ਜੈ ਸਿੰਘ ਦੀ ਆਲ ਉਲਾਦ ਤਾਂ ਅਸਲੋਂ ਬੇਅਣਖੀ ਹੋ ਗਈ। ਤੇਰਾ ਦਾਦਾ ਆਸਾਮ ਵਿਚ ਮੁਗਲਾਂ ਦੀ ਲੜਾਈ ਲੜ ਰਿਹਾ ਸੀ, ਤੇਰੇ ਪਿਉ ਨੂੰ ਇਧਰ ਆਲਮਗੀਰ ਨੇ ਚਿਤਰੇ ਨਾਲ ਲੜਾ ਕੇ ਮਰਵਾ ਦਿੱਤਾ। ਤੁਹਾਡੇ ਵਿਚੋਂ ਕੋਈ ਕੁਸਕਿਆ ਤੱਕ ਨਹੀਂ।

ਪਹਿਲਾ : ਕੁਸਕਿਆ ਕਿਉਂ ਨਹੀਂ, ਮੇਰੀ ਦਾਦੀ ਨੇ ਸਖ਼ਤ ਚਿੱਠੀਆਂ ਲਿਖੀਆਂ ਸਨ।

ਦੂਜਾ : ਆਸਾਮ ਵਿਚ ਚਿੱਠੀਆਂ ਭੇਜਣ ਦਾ ਕੀ ਫ਼ਾਇਦਾ ?

ਪਹਿਲਾ : ਮੇਰੇ ਦਾਦਾ ਨੇ ਗੁਰੂ ਜੀ ਨੂੰ ਨਾਲ ਲੈ ਕੇ ਆਸਾਮ ਦਾ ਦੌਰਾ ਕੀਤਾ ਸੀ।

ਦੂਜਾ : ਪਿਦਰਮ ਸੁਲਤਾਨ ਬੂਦ ਵਾਲੀ ਗੱਲ ਏ, ਤੁਸੀਂ ਵੀ ਕੁਝ ਕਰਕੇ ਵਿਖਾਓ।

ਪਹਿਲਾ : ਤਾਕਤ ਦਾ ਤਾਕਤ ਨਾਲ ਮੁਕਾਬਲਾ ਕਰਨਾ ਤਾਂ ਜਹਾਲਤ ਹੈ। ਹਾਂ, ਕੁਰਬਾਨੀ ਦਿੱਤੀ ਜਾ ਸਕਦੀ ਹੈ।

ਦੂਜਾ : ਫੇਰ ਵੇਲਾ ਕਿਹੜਾ ਵਿਚਾਰਦੇ ਹੋ, ਗੁਰੂ ਘਰ ਨਾਲ ਤੁਹਾਡੀ ਐਨੀ ਪੁਰਾਣੀ ਸਾਂਝ ਹੈ।

ਪਹਿਲਾ : ਮੇਰਾ ਖ਼ੂਨ ਤਾਂ ਖੌਲ ਰਿਹਾ, ਪਰ ਮੈਂ ਕੀ ਕਰ ਸਕਦਾਂ। ਗੁਰੂ ਜੀ ਸ਼ਹਾਦਤ ਤੋਂ ਬਾਅਦ ਕੁਰਬਾਨੀਆਂ ਦਾ ਸਿਲਸਿਲਾ ਸ਼ੁਰੂ ਹੋਊ, ਅਸੀਂ ਵੀ ਹਿੱਸਾ ਪਾਵਾਂਗੇ।

ਦੂਜਾ : ਉਹ ਤੈਨੂੰ ਕਿਹਨੇ ਕਰਨ ਦੇਣਾ। ਆਲਮਗੀਰ ਦਾ ਪਤਾ ? ਰਾਜਾ ਰਾਮ ਸਿੰਘ ਨੂੰ ਆਸਾਮ ਵਿੱਚ ਹੀ ਮਰਵਾ ਦੇਊ।

ਪਹਿਲਾ : ਫੇਰ ਹੋਰ ਕੋਈ ਢੰਗ ਦੱਸੋ।

ਦੂਜਾ : ਕੋਹੜੀਆ! ਇਕ ਲਲਕਾਰ ਹੀ ਮਾਰ ਕੇ ਦਿਖਾ ਦੇਹ।

ਪਹਿਲਾ : ਉਹਦਾ ਕੀ ਫ਼ਾਇਦਾ ?

ਦੂਜਾ : ਇਕ ਵਾਰ ਤਾਂ ਕਾਜ਼ੀ ਕੋਤਵਾਲ ਦੇ ਦਿਲ ਦਹਿਲ ਜਾਣਗੇ।

ਪਹਿਲਾ : ਉਸੇ ਵੇਲੇ ਆ ਕੇ ਗ੍ਰਿਫ਼ਤਾਰ ਕਰ ਲੈਣਗੇ, ਕਿਆ ਲਾਭ ਹੋਊ?

ਦੂਜਾ : (ਤੀਜੇ ਨੂੰ ਸੰਬੋਧਨ ਕਰਕੇ) ਦੇਖਿਆ, ਮੈਂ ਕਿਹਾ ਕਿ ਰਾਜਪੂਤ ਅਸਲੋਂ ਨਿਮਾਣੇ ਦੇ ਨਿਤਾਣੇ ਹੋ ਗਏ ਨੇ।

ਪਹਿਲਾ : ਹਿੰਦੁਸਤਾਨ ਦੀ ਕੁਲ ਹਿੰਦੂ ਜਾਤੀ ਦਾ ਇਹੋ ਹਾਲ ਹੈ, ਅਸੀਂ ਕੋਈ ਵੱਖਰੇ ਹਾਂ। ਇਸ ਪੱਖੋਂ ਗੁਰੂ ਦਾ ਬਲੀਦਾਨ ਹਿੰਦ ਦੇ ਇਤਿਹਾਸ ਵਿੱਚ ਭਾਰੀ ਸਾਕਾ ਸਮਝਿਆ ਜਾਊ।

ਤੀਜਾ : ਯਕੀਨਨ ਭਾਰਤੀ ਜੀਵਨ ਵਿੱਚ ਨਵੀਂ ਰੌ ਰੁਮਕ ਪਵੇਗੀ।

ਦੂਜਾ : ਕਿਸੇ ਨੇ ਅੱਜ ਤਕ ਆਲਮਗੀਰ ਨੂੰ ਇਸ ਤਰ੍ਹਾਂ ਨਹੀਂ ਸੀ ਵੰਗਾਰਿਆ।

ਤੀਜਾ : ਇਹ ਮਹਾਨ ਸ਼ਹੀਦੀ ਤਿਲਕ ਜੰਞੂ ਦੀ ਰੱਖਿਆ ਤੋਂ ਬਿਨਾਂ ਭਾਰਤੀ ਸੰਸਕ੍ਰਿਤੀ ਦਾ ਵੀ ਬਚਾਉ ਕਰੇਗੀ।

ਦੂਜਾ : ਗੁਰੂ ਨੇ ਸਾਬਤ ਕਰ ਦਿੱਤਾ ਹੈ, ਭਾਰਤ ਵਰਸ਼ ਸਾਧਾਂ ਫ਼ਕੀਰਾਂ ਦੀ ਨਿਤਾਣੀ ਧਰਤੀ ਨਹੀਂ, ਸਗੋਂ ਮਹਾਨ ਸੂਰਬੀਰਾਂ ਦਾ ਦੇਸ਼ ਹੈ।

ਤੀਜਾ : ਗੁਰੂ ਨਾਨਕ ਨੇ ਹਿੰਦ ਨੂੰ ਗੂਹੜੀ ਨੀਂਦ ਤੋਂ ਜਗਾਇਆ ਸੀ। ਇਸ ਕੁਰਬਾਨੀ ਨੇ ਲੋਕਾਂ ਵਿੱਚ ਨਵਾਂ ਖ਼ੂਨ ਭਰ ਦੇਣਾ ਹੈ।



ਪਹਿਲਾ : ਜ਼ਰੂਰ ਜਨਤਾ ਦੇ ਹੌਸਲੇ ਬੁਲੰਦ ਹੋ ਜਾਣਗੇ।

ਦੂਜਾ : ਮਿਰਜ਼ਾ ਜੈ ਸਿੰਘ ਦੇ ਖਾਨਦਾਨ ਵਿੱਚ ਵੀ ਅਣਖ ਜਾਗੂ ਕਿ ਨਹੀਂ ?

ਪਹਿਲਾ : ਤੂੰ ਸਾਨੂੰ ਅਸਲੋਂ ਗਏ ਗੁਜ਼ਰੇ ਸਮਝਦਾਂ, ਵਕਤ ਦਾ ਤਕਾਜ਼ਾ ਹੈ।

ਦੂਜਾ : ਇਹੋ ਤਾਂ ਮੈਂ ਕਹਿੰਦਾਂ, ਪਈ ਅਸੀਂ ਨਿਘਰ ਗਏ ਆਂ ਕਿ ਗੁਰੂ ਤੇਗ਼ ਬਹਾਦਰ ਦੇ ਹਾਮੀ ਹੁੰਦੇ ਹੋਏ ਵੀ ਹੱਕ ਦਾ ਨਾਅਰਾ ਨਹੀਂ ਮਾਰ ਸਕਦੇ।

ਪਹਿਲਾ : ਕਿਉਂ ਨਹੀਂ, ਮੈਂ ਤਿਆਰ ਹਾਂ, ਜੋ ਕਰਨਾ ਕਰ ਲੈਣ। ਇਹ ਕੀ ਸਮਝਣਗੇ, ਗੁਰੂ ਦੇ ਪੈਰੋਕਾਰ ਅਸਲੋਂ ਯਰਕ ਗਏ।

ਦੂਜਾ : ਸ਼ਾਬਾਸ਼! ਨੌਜਵਾਨ ਹੀ ਦੇਸ਼ ਦੀ ਆਸ ਉਮੀਦ ਹੁੰਦੇ ਨੇ।

ਤੀਜਾ : ਤੂੰ ਬੋਲ ਅਸੀਂ ਮਗਰ ਬੋਲਾਂਗੇ।

ਪਹਿਲਾ : ਗੁਰੂ ਤੇਗ਼ ਬਹਾਦਰ ਦੀ।

ਦੋਵੇਂ : ਜੈ ?

ਸਾਰੇ : ਅਮਰ ਹੈ! ਧੰਨ ਧੰਨ ਗੁਰੂ ਤੇਗ਼ ਬਹਾਦਰ!!

ਦੂਜੀ ਦਫ਼ਾ ਕਹਿਣ ਸਮੇਂ ਲੱਖੀ ਸ਼ਾਹ ਦੇ ਪੁੱਤਰਾਂ ਦੀ ਆਵਾਜ਼ ਵੀ ਨਾਲ ਰਲ ਜਾਂਦੀ ਹੈ। ਕਾਜ਼ੀ ਤੇ ਅਹਿਲਕਾਰਾਂ ਵਿੱਚ ਘਬਰਾਹਟ ਪੈਦਾ ਹੋ ਜਾਂਦੀ ਹੈ।

ਦੂਜਾ : ਓਹ, ਦੇਖੋ ਭਾਜੜ ਪੈ ਗਈ।

ਤੀਜਾ : ਉਨ੍ਹਾਂ ਸਗੋਂ ਕਤਲ ਦੀ ਕਾਰਵਾਈ ਤੇਜ਼ ਕਰ ਦਿੱਤੀ ਹੈ।

ਦੂਜਾ : ਕਾਜ਼ੀ ਫ਼ਤਵਾ ਪੜ੍ਹਨ ਲਈ ਤਿਆਰ ਹੋ ਗਿਆ ਹੈ। ਮੈਂ ਚਲਦਾਂ।

ਤੀਜਾ : ਹੈਂ! ਇਹ ਲੱਖੀ ਸ਼ਾਹ ਦਾ ਪੁੱਤਰ ਨਗਾਹੀਆ ਨਹੀਂ ?

ਪਹਿਲਾ : ਮੇਰਾ ਖ਼ਿਆਲ ਏ ਓਹੋ ਸੀ। ਬੜਾ ਦਲੇਰ ਐ। ਸਿਰ ਤਲੀ ਤੇ ਰੱਖੀ ਫਿਰਦਾ।

ਤੀਜਾ : ਚੁੱਪ! ਪਗਲੀ ਦੀ ਹਾਹਾਕਾਰ ਸੁਣੋ।

ਪਗਲੀ : ਵੇ ਲੋਕੋ ਦੇਖੋ, ਕਾਜ਼ੀ ਕਹਿਰ ਕਮਾਣ ਆ ਵੜਿਆ ਹੈ। ਇਹ ਵੱਢੀ ਲੈ ਲੈ ਆਫਰਿਆ ਹੋਇਆ, ਭਰਿਸ਼ਟ ਗੁਨਾਹਗਾਰ ਹੈ।

: ਹਾਏ! ਉਹ ਚੰਦਰਾ ਜੱਲਾਦ ਕਿੱਦਾਂ ਤਲਵਾਰ ਸੰਵਾਰ ਰਿਹਾ। ਹੈਂ ਸਿਆਰਿਆ! ਇਹੋ ਤਲਵਾਰ ਕੱਲ੍ਹ ਨੂੰ ਤੇਰੀ ਗਰਦਨ ਤੇ ਫਿਰਨੀ ਏ। ਤੈਨੂੰ ਕਰਨੀ ਭਰਨੀ ਪੈਣੀ ਏ।

ਪਹਿਲਾ ਸਿਪਾਹੀ : ਬੁੱਢੀਏ! ਤੂੰ ਚੁੱਪ ਕਰਨਾ ਕਿ ਨਹੀਂ ?

ਦੂਜਾ : ਨਾ ਛੇੜ ਜਾਦੂਗਰਨੀ ਏ।

ਪਗਲੀ : ਭਸਮ ਕਰ ਦੇਊਂਗੀ ਖੜੋਤੇ ਨੂੰ।

ਪਹਿਲਾ : ਜਾਹ ਜਾਹ ਨਹੀਂ ਤਾਂ—

ਪਗਲੀ : ਨਹੀਂ ਤਾਂ ਕੀ ਫਾਹੇ ਲਾ ਦੇਵੇਂਗਾ, ਜਾਹ ਲਾ ਦੇ, ਮੈਂ ਪਹਿਲਾਂ ਹੀ ਤਿਆਰ ਖੜੀ ਆਂ। ਕਾਜ਼ੀ ਨੂੰ ਕਹੁ ਗੁਰੂ ਦੀ ਥਾਂ ਮੈਨੂੰ ਸੂਲੀ ਚਾੜ੍ਹ ਦੇਵੇਂ। ਧਿਤਕਾਰ ਹੈ ਇਸ ਜੀਣ ਨੂੰ ਜਿੱਥੇ ਜਨਤਾ ਦੇ ਰੂਬਰੂ ਗੁਰੂ ਤੇਗ਼ ਬਹਾਦਰ ਵਰਗੇ ਮਹਾਪੁਰਸ਼ ਕਤਲ ਕੀਤੇ ਜਾਣ।

ਮੌਲਾਨਾ : ਇਹ ਮੁਸਲਮਾਨੀ ਭੇਸ ਵਿੱਚ ਸਿੱਖਣੀ ਹੈ।

ਪਗਲੀ : ਵੇ ਮੌਲਵੀ, ਸਿੱਖ ਦੀ ਕੀ ਨਿਸ਼ਾਨੀ ਹੁੰਦੀ ਏ ?

ਮੌਲਾਨਾ : ਤੂੰ ਹੀ ਦਸ, ਤੂੰ ਜ਼ਿਆਦਾ ਜਾਣਦੀ ਏਂ।

ਪਗਲੀ : ਫੇਰ ਸੁਣ! ਸਿੱਖ ਉਹ ਹੁੰਦਾ ਹੈ, ਜਿਹੜਾ ਸੱਚ ਖ਼ਾਤਰ ਜਾਨ ਕੁਰਬਾਨ ਕਰ ਦੇਵੇ। ਜਿਹੜਾ ਹਰ ਜੀਵ ਵਿਚੋਂ ਰੱਬ ਦਾ ਨੂਰ ਦੇਖੇ। ਮੁੱਲਾਂ ਕੁਝ ਆਈ ਸਮਝ।

ਮੌਲਾਨਾ : (ਉਸ ਦਾ ਹੱਥ ਝੰਜੋੜ ਕੇ) ਪਰੇ ਮਰ ਮਲੀਨ ਔਰਤ, ਕਪੜਿਆਂ ਤੋਂ ਬੂ ਆ ਰਹੀ ਹੈ।

ਪਗਲੀ : ਵੇ ਪਾਖੰਡੀਆ, ਤੂੰ ਬਾਹਰੋਂ ਹੀ ਬਗਲਾ ਬਣਿਆ ਫਿਰਦੈਂ। ਅੰਦਰ ਤੇਰਾ ਗੰਦ ਗੁੱਦੜ, ਨਫ਼ਰਤ ਨਾਲ ਭਰਿਆ ਹੋਇਆ।

ਮੌਲਾਨਾ : ਬਕੀ ਜਾਹ!

ਪਗਲੀ : ਏਸ ਮਲੇਛ ਦੀ ਰੂਹ ਤੱਕ ਕਿਥੋਂ ਰਸਾਈ। ਰੂਹ ਸਦਾ ਨੰਗੀ ਪਾਕ ਪਵਿੱਤਰ ਹੁੰਦੀ ਹੈ।

ਪਹਿਲਾ : ਲੈ ਭਈ ਤਿਆਰ ਹੋ ਜਾਈਏ, ਕੋਤਵਾਲੀ ਅੰਦਰ ਹਿਲਜੁਲ ਸ਼ੁਰੂ ਹੋ ਗਈ ਹੈ।



ਦੂਜਾ : ਓਹ ਪਿੰਜਰਾ ਹਿਲਿਆ, ਸ਼ਾਇਦ।

ਪਗਲੀ : ਵੇ ਲੋਕੋ, ਇਸ ਜ਼ੁਲਮ ਨੂੰ ਰੋਕੋ, ਇਹ ਬਦੀ ਕਰਨ ਤੇ ਤੁਲੇ ਹੋਏ ਨੇ।

ਪਹਿਲਾ : ਸੁਣਿਆ, ਸਿੱਖਾਂ ਦਾ ਪੀਰ ਗੁਰੂ ਨਾਨਕ ਵਾਂਗ ਕਾਮਲ ਮਰਦ ਹੈ।

ਦੂਜਾ : ਐਵੇਂ ਤਾਂ ਨਹੀਂ ਦਰੋਗਾ ਭਗਤ ਬਣ ਗਿਆ।

ਪਹਿਲਾ : ਇਹ ਹੋਰ ਅਜੀਬ ਗੱਲ ਹੈ, ਗੁਰੂ ਦੇ ਪੈਰੋਕਾਰਾਂ ਨੇ ਪਹਿਲਾਂ ਸ਼ਹੀਦੀ ਪਾਈ ਹੈ।

ਦੂਜਾ : ਓਹ ਨੌਜਵਾਨ ਤਾਂ ਮੈਨੂੰ ਮਰਨ ਲਈ ਤਿਆਰ ਦਿਸਦੇ ਨੇ, ਕਿਤੇ ਫਸਾਦ ਹੀ ਨਾ ਖੜਾ ਕਰ ਦੇਣ।

ਪਹਿਲਾ : ਲਓ, ਉਹ ਜਲਾਦ ਤਲਵਾਰ ਸੰਭਾਲ ਕੇ ਖੜਾ ਹੋ ਗਿਆ।

ਦੂਜਾ : ਉਧਰ ਪੱਛਮ ਵੱਲ ਦੇਖ ਕਾਲੀ ਬੋਲੀ ਹਨੇਰੀ ਚੜ੍ਹ ਪਈ ਏ।

ਪਹਿਲਾ : (ਭੈਭੀਤ) ਇਹ ਤਾਂ ਰੱਬੀ ਕਹਿਰ ਦੀ ਨਿਸ਼ਾਨੀ ਏ।

ਪਗਲੀ : ਵੇ ਲੋਕੋ, ਏਸ ਚੰਦਰੇ ਜਲਾਦ ਨੂੰ ਪਹਿਲਾਂ ਪਾਰ ਬੁਲਾਓ।

ਦੂਜਾ : ਓਹ ਦੇਖੋ, ਸਿੱਖਾਂ ਦਾ ਪੀਰ ਪਿੰਜਰੇ ਤੋਂ ਬਾਹਰ ਨਿਕਲ ਆਇਆ।

ਪਹਿਲਾ : ਆਹ! ਕਿਆ ਅਲਾਹੀ ਸ਼ਾਨ ਹੈ! ਚਿਹਰੇ ਤੇ ਰੱਬੀ ਨੂਰ ਵਰ੍ਹ ਰਿਹਾ।

ਦੂਜਾ : ਮੇਰਾ ਤਾਂ ਦਿਲ ਕੰਬਣ ਲਗ ਪਿਆ! ਕਮਾਲ ਹੈ ਐਨੇ ਤਸੀਹੇ ਸਹਿ ਕੇ ਵੀ ਬਿਲਕੁਲ ਅਡੋਲ ਹੈ।

ਪਗਲੀ : (ਉਪਰ ਨੂੰ ਦੇਖ ਕੇ) ਹੇ ਰੱਬਾ! ਕਹਿਰ ਦੀ ਹਨ੍ਹੇਰੀ ਵਗਾ। ਜ਼ਾਲਮ ਹੈਂਸਿਆਰੇ ਆਪਣੀ ਕਰਤੂਤ ਤੋਂ ਬਾਜ਼ ਨਹੀਂ ਆਏ। ਵੇ ਸੂਫ਼ੀ ਦਰਵੇਸ਼, ਤੂੰ ਕਿਉਂ ਚੁੱਪ-ਚਾਪ ਹੰਝੂ ਕੇਰ ਰਿਹਾਂ, ਤੂੰ ਹੀ ਹਾ ਦਾ ਨਾਅਰਾ ਮਾਰ, ਭਾਣਾ ਵਰਤਣ ਲੱਗਾ ਈ।

ਸੂਫੀ : (ਹੱਥ ਉੱਚੇ ਚੁੱਕ ਕੇ) ਯਾ ਅੱਲਾਹ! ਮੇਹਰ ਦੀ ਹਨੇਰੀ ਵਗਾ ਤਾਂ ਜੋ ਇਹ ਗ਼ਰਦ ਗੁਬਾਰ ਸਭ ਹੂੰਝਿਆ ਜਾਵੇ ਅਰ ਤੇਗ਼ ਬਹਾਦਰ ਵਰਗੇ ਅਲਾਹੀ ਬਜ਼ੁਰਗ ਵਾਰ ਵਾਰ ਆਪਣੇ ਅਕੀਦੇ ਪਿਛੇ ਕਤਲ ਨਾ ਕੀਤੇ ਜਾਣ।

ਪਗਲੀ : ਵੇ! ਇਸ ਜ਼ਾਲਮ ਕਾਜ਼ੀ ਨੂੰ ਵੀ ਬਦ-ਦੁਆ ਦੇ।

ਸੂਫੀ : ਇਹ ਸੰਗ ਦਿਲ ਕਾਜ਼ੀ, ਅੱਜ ਤੋਂ ਪੰਦਰਵੇਂ ਦਿਨ ਫ਼ੌਤ ਹੋ ਜਾਵੇਗਾ।

ਪਗਲੀ : ਵੇ ਲੋਕੋ! ਗੁਰੂ ਦੇ ਆਖ਼ਰੀ ਦਰਸ਼ਨ ਕਰ ਲਵੋ। ਗਰੀਬ ਗੁਰਬੇ ਦੀ ਬਾਂਹ ਫੜਨ ਵਾਲੇ ਸਾਨੂੰ ਛੱਡ ਚਲੇ ਜੇ!!

ਸੂਫੀ : (ਹੱਥ ਉੱਚਾ ਕਰਕੇ) ਯਾ ਅੱਲਾਹ, ਰਹਿਮ ਕਰ! ਸੱਚ ਦਾ ਸੂਰਜ ਨੂੰ ਕਤਲ ਕੀਤਾ ਜਾ ਰਿਹਾ ਹੈ।

ਪਗਲੀ : (ਉੱਚੀ ਚੀਕ) ਵੇ ਲੋਕੋ! ਭਾਣਾ ਵਰਤ ਗਿਆ!

(ਇਕ ਦਮ ਸਨਾਟਾ ਛਾ ਜਾਂਦਾ ਹੈ। ਬਿਜਲੀ ਦੀ ਲਿਸ਼ਕ ਨਾਲ ਹਨੇਰੀ ਬੁੱਲ੍ਹੇ ਆਉਣੇ ਸ਼ੁਰੂ ਹੁੰਦੇ ਹਨ। ਲੋਕਾਂ ਵਿੱਚ ਹਾ ਹਾ ਕਾਰ ਮਚ ਜਾਂਦੀ ਹੈ।)

ਇਲਾਹੀ ਸੁਰ ਵਿੱਚ ਸੰਗੀਤ ਮੰਡਲੀ ਸ਼ਬਦ ਗਾਇਣ ਕਰਦੀ ਹੈ :

ਠੀਕਰ ਫੋਰਿ ਦਿਲੀਸਿ ਸਿਰਿ
ਪ੍ਰਭੁ ਪੁਰ ਕੀਆ ਪਯਾਨ
ਤੇਗ਼ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ।
ਤੇਗ਼ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।



## ਦੂਜਾ ਅੰਕ

### ਪਹਿਲੀ ਝਾਕੀ

ਫਤਹਪੁਰੀ ਦੇ ਉਸੇ ਚੌਕ ਵਿੱਚ ਸ਼ਾਹੀ ਢੰਡੋਰਚੀ ਖੜ ਕੇ ਡੱਫ ਵਜਾਉਂਦਾ ਹੈ। ਤਮਾਸ਼ਬੀਨ ਇਕੱਠੇ ਹੁੰਦੇ ਹਨ। ਉਨ੍ਹਾਂ ਵਿਚੋਂ ਉਹੋ ਫ਼ਕੀਰ ਤੇ ਨੌਜਵਾਨ ਵੀ ਸ਼ਾਮਲ ਹਨ।

ਢੰਡੋਰਚੀ : ਸੁਣੋ ਸੁਣੋ! ਕਾਜ਼ੀ ਉਲਕਜ਼ਾਤ ਅਬੁੱਲ ਵਹਾਬ ਬੋਹਰਾ ਦਾ ਫ਼ਰਮਾਨ : ਵੀਰਵਾਰ ਦੇ ਕਤਲ ਤੋਂ ਬਾਦ ਸਿੱਖਾਂ ਦੇ ਪੀਰ ਤੇਗ਼ ਬਹਾਦਰ ਦਾ ਸਿਰ ਔਰ ਧੜ ਗ਼ੈਰ ਕਾਨੂੰਨੀ ਤੌਰ ਤੇ ਉਠਾਏ ਗਏ ਹੈਂ। ਜਦ ਕਿ ਸਰਕਾਰ ਵਲੋਂ ਇਸ ਦੀ ਸਖ਼ਤ ਮਨਾਹੀ ਸੀ। ਜਿਹੜਾ ਸ਼ਖਸ ਇਸ ਸੰਗੀਨ ਜੁਰਮ ਦਾ ਸੁਰਾਗ ਦੇਵੇਗਾ ਉਸ ਨੂੰ ਹਕੂਮਤ ਵਲੋਂ ਭਾਰੀ ਇਨਾਮ ਦਿੱਤਾ ਜਾਵੇਗਾ।

ਇਕ ਬੰਦਾ : ਕਿਤੇ ਸੂਹ ਦੇਣ ਵਾਲਾ ਗ੍ਰਿਫ਼ਤਾਰ ਨਾ ਕੀਤਾ ਜਾਵੇ।

ਨੌਜਵਾਨ : ਓਇ ਚੁੱਪ, ਢੰਡੋਰਚੀ ਤੇਰੇ ਵੱਲ ਸ਼ੱਕੀ ਨਜ਼ਰਾਂ ਨਾਲ ਦੇਖ ਰਿਹਾ।

ਢੰਡੋਰਚੀ : ਸੁਣੋ, ਸੂਹ ਦੇਣ ਵਾਲਾ ਮਰਦ ਕੱਲ੍ਹ ਸਵੇਰੇ ਕਾਜ਼ੀ ਉਲਕਜ਼ਾਤ ਦੀ ਕਚਹਿਰੀ ਵਿੱਚ ਖ਼ੁਫ਼ੀਆ ਇਤਲਾਹ ਦੇ ਕੇ ਬਾਦਸ਼ਾਹ ਵਲੋਂ ਖ਼ਿਲਅਤ ਹਾਸਲ ਕਰ ਸਕਦਾ ਹੈ।

(ਢੰਡੋਰਚੀ ਡਫ ਵਜਾਉਂਦਾ ਚਲਾ ਜਾਂਦਾ ਹੈ।)

ਫ਼ਕੀਰ : ਸੁਣਿਆ ਬਰਖ਼ੁਰਦਾਰ, ਹੋਈ ਨਾ ਗੱਲ ਸੱਚੀ।

ਨੌਜਵਾਨ : ਉਹ ਕਿਸ ਤਰ੍ਹਾਂ, ਬਜ਼ੁਰਗਵਾਰ ?

ਫ਼ਕੀਰ : ਮੈਂ ਕਿਹਾ ਸੀ, ਇਸ ਹਾਦਸੇ ਵਿੱਚ ਸਿੱਖ ਦਬਾਏ ਨਹੀਂ ਜਾਣਗੇ ਸਗੋਂ ਹੋਰ ਭੜਕਣਗੇ।

ਮੌਲਾਨਾ : ਹਕੂਮਤ ਦੇ ਪੰਜੇ ਤੋਂ ਮੁਜਰਮ ਬਚ ਨਹੀਂ ਸਕਦਾ।

ਨੌਜਵਾਨ : (ਵਿਅੰਗ ਨਾਲ) ਕਰੜੇ ਪਹਿਰੇ ਦੇ ਹੁੰਦਿਆਂ ਕੌਣ ਜੁਰਅਤ ਕਰ ਸਕਦਾ ਹੈ।

ਫ਼ਕੀਰ : ਮੇਰਾ ਯਕੀਨ ਹੈ ਕਿ ਕਿਸੇ ਸਿੱਖ ਨੇ ਜਾਨ ਤਲੀ ਤੇ ਰੱਖ ਕੇ ਇਹ ਕਾਰਾ ਕੀਤਾ ਹੈ।

ਮੌਲਾਨਾ : ਬਾਤ ਵਾਕਈ ਹੀ ਤੁਅੱਜੁਬ ਦੀ ਹੈ।

ਨੌਜਵਾਨ : ਪਹਿਰੇਦਾਰਾਂ ਦੇ ਅੱਖੀਂ ਖ਼ੂਬ ਘੱਟਾ ਪਾਇਆ।

ਇਕ ਬੰਦਾ : ਹੋ ਸਕਦਾ ਪਹਿਰੇਦਾਰਾਂ ਦੀ ਰਾਤ ਅੱਖ ਲਗ ਗਈ ਹੋਵੇ।

ਮੌਲਾਨਾ : ਇਹ ਵੀ ਮੁਮਕਿਨ ਹੈ, ਮਰਦੂਦਾਂ ਨੇ ਉਨ੍ਹਾਂ ਨੂੰ ਨਸ਼ੇ ਵਿੱਚ ਚੂਰ ਕਰ ਦਿੱਤਾ ਹੋਵੇ।

ਹਿੰਦੂ : ਪਰ ਬਹੁਤ ਲੋਕੀਂ ਇਸ ਘਟਨਾ ਨੂੰ ਰੱਬੀ ਕਰਿਸ਼ਮਾ ਸਮਝਦੇ ਨੇ।

ਮੌਲਾਨਾ : ਰੁਲਦੂ ਜਾਨ ਨਹੀਂ ਚਾਹੀਦੀ, ਤੂੰ ਗ਼ਲਤ ਅਫਵਾਹਾਂ ਫੈਲਾ ਰਿਹਾਂ।

ਹਿੰਦੂ : (ਡਰ ਕੇ) ਮੈਂ ਸਰਸਰੀ ਗੱਲ ਕੀਤੀ ਹੈ।

ਨੌਜਵਾਨ : ਇਸ ਗ਼ਰੀਬ ਉੱਤੇ ਬੜਾ ਜ਼ੋਰ ਚਲਦਾ।

ਮੌਲਾਨਾ : ਤੇਰਾ ਤਪਿਆ ਖ਼ੂਨ ਵੀ ਠੰਡਾ ਹੋ ਜਾਊ।

ਨੌਜਵਾਨ : ਜਾਹ ਜਾ, ਘਰ ਬੈਠ, ਆਇਆ ਵੱਡਾ ਖ਼ੈਰ ਖ਼੍ਵਾਹ ਸਰਕਾਰ ਦਾ।

ਫ਼ਕੀਰ : ਰੱਬੀ ਕਹਿਰ ਨਾਜ਼ਲ ਹੋਣ ਦਾ ਜ਼ਾਹਰਾ ਇਸ਼ਾਰਾ ਵੀ ਹੋ ਸਕਦੈ।

ਹਿੰਦੂ : ਕੁਝ ਬੰਦੇ ਇਹ ਕਹਿੰਦੇ ਸੁਣੇ ਨੇ ਕਿ ਸੀਸ ਅਨੰਦਪੁਰ ਵੱਲ ਉੱਡਿਆ ਜਾਂਦਾ ਦੇਖਿਆ।

ਫ਼ਕੀਰ : ਇਹ ਤਾਂ ਡਰੇ ਹੋਏ ਮਨਾਂ ਦੀਆਂ ਕਿਆਸ ਆਰਾਈਆਂ ਨੇ।

ਹਿੰਦੂ : ਘਟਨਾ ਹਰ ਹਾਲਤ ਵਿੱਚ ਭੇਦ-ਭਰੀ ਹੈ।

ਨੌਜਵਾਨ : ਬਾਬਾ, ਹੁਣ ਕਿਆ ਬਣੇਗਾ ?

ਫ਼ਕੀਰ : ਕੋਤਵਾਲ ਤੇ ਅਹਿਲਕਾਰਾਂ ਦੀ ਸ਼ਾਮਤ ਆ ਜਾਊ।' ਨਿਹਾਇਤ ਸੰਗੀਨ ਜੁਰਮ ਹੈ। ਆਲਮਗੀਰ ਕਦੇ ਮੁਆਫ਼ ਨਹੀਂ ਕਰੇਗਾ।



ਹਿੰਦੂ : ਕਸੂਰ ਤਾਂ ਸਾਰਾ ਪਹਿਰੇਦਾਰਾਂ ਦਾ ਹੈ।

ਨੌਜਵਾਨ : ਅਸਲ 'ਚ ਹਨੇਰੀ ਸਮੇਂ ਸਿਰ ਤੇ ਜਿਸਮ ਗ਼ਾਇਬ ਹੋਏ ਨੇ।

ਫ਼ਕੀਰ : ਕਾਲੀ ਬੋਲੀ ਹਨੇਰੀ ਵੀ ਤਾਂ ਕਹਿਰ ਦੀ ਨਿਸ਼ਾਨੀ ਸੀ।

ਨੌਜਵਾਨ : ਬਜ਼ੁਰਗਾ, ਸੁਣੀ ਸੁਣਾਈ ਗੱਲ ਕਰ ਰਿਹਾਂ ਕਿ.........

ਫ਼ਕੀਰ : ਮੈਂ ਖ਼ੁਦ ਮੌਕੇ ਤੇ ਹਾਜ਼ਰ ਸੀ, ਸੁਣੀ ਸੁਣਾਈ ਗੱਲ ਨਹੀਂ ਕਰਦਾ।

ਹਿੰਦੂ : ਤਾਂ ਤੇ ਗੁਰੂ ਦੇ ਵੀ ਦਰਸ਼ਨ ਕੀਤੇ ਹੋਣਗੇ।

ਫ਼ਕੀਰ : ਬਹੁਤ ਚੰਗੀ ਤਰ੍ਹਾਂ, ਆਫ਼ਰੀਨ ਉਸ ਦਰਵੇਸ਼ ਦੇ; ਚਿਹਰੇ ਤੇ ਜ਼ਰਾ ਮਲਾਲ ਨਹੀਂ ਸੀ। ਸਖ਼ਤ ਤਸੀਹਿਆਂ ਦੇ ਬਾਵਜੂਦ ਮੁਖੜੇ ਤੇ ਨੂਰ ਵਰ੍ਹਦਾ ਸੀ।

ਨੌਜਵਾਨ : ਕਤਲ ਸਮੇਂ ਲੋਕਾਂ ਦਾ ਰੱਦੇ-ਅਮਲ ਕੀ ਸੀ ?

ਫ਼ਕੀਰ : ਨਿਹਾਇਤ ਦਰਦਨਾਕ ਨਜ਼ਾਰਾ ਸੀ। ਸਖ਼ਤ ਤੋਂ ਸਖ਼ਤ ਦਿਲ ਵੀ ਮੋਮ ਹੋ ਗਏ ਸਨ। ਸੈਂਕੜੇ ਲੋਕੀਂ ਧਾਹਾਂ ਮਾਰ ਮਾਰ ਰੋ ਰਹੇ ਸਨ। ਇਕ ਬੁਰਕੇ ਵਾਲੀ ਜ਼ਨਾਨੀ ਨੂੰ ਗਸ਼ ਪੈ ਗਿਆ।

ਨੌਜਵਾਨ : ਤੁਹਾਡੀ ਗੱਲ ਸੱਚੀ ਲਗਦੀ ਹੈ, ਇਹ ਕਾਰਾ ਜ਼ਰੂਰ ਜਾਨ ਬਾਜ਼ ਸਿੱਖਾਂ ਦਾ ਹੈ।

ਫ਼ਕੀਰ : ਕਿਉਂ ਨਾ ਕਰਦੇ, ਪੀਰ ਨੇ ਵੀ ਤਾਂ ਸਾਰਾ ਜੀਵਨ ਹਮਵਤਨਾਂ ਦੇ ਦੁਖੜੇ ਹਰਨ ਲਈ ਕੁਰਬਾਨ ਕੀਤਾ ਹੈ।

ਨੌਜਵਾਨ : ਖ਼ਵਾਹ ਕੁਝ ਵੀ ਹੋਵੇ, ਸਿੱਖਾਂ ਦੇ ਮੁਗ਼ਲਾਂ ਨਾਲ ਤਅੱਲੁਕਾਤ ਜ਼ਿਆਦਾ ਵਿਗੜ ਗਏ ਨੇ।

ਫ਼ਕੀਰ : ਹੁਣ ਉਹ ਚੈਨ ਨਾਲ ਨਹੀਂ ਬੈਠਣ ਲੱਗੇ।

ਹਿੰਦੂ : ਕਿਆ ਕਰਨਗੇ ਫੌਜੀ ਤਾਕਤ ਸਾਹਮਣੇ।

ਫ਼ਕੀਰ : ਬੱਚਾ, ਜਨ ਸ਼ਕਤੀ ਬਹੁਤ ਭਾਰੀ ਹੁੰਦੀ ਹੈ। ਜਾਗੇ ਹੋਏ ਲੋਕਾਂ ਨੂੰ ਕਾਬੂ ਰੱਖਣਾ ਨਿਹਾਇਤ ਮੁਸ਼ਕਿਲ ਹੁੰਦਾ।

ਨੌਜਵਾਨ : ਓਹ ਮੌਲਾਨਾ ਦੇਖੋ, ਕਿੱਦਾਂ ਲੋਕਾਂ ਨੂੰ ਭੜਕਾ ਰਿਹਾ।

ਫ਼ਕੀਰ : ਇਨ੍ਹਾਂ ਤੰਗ ਦਿਲ ਸ਼ਖ਼ਸਾਂ ਨੇ ਹੀ ਤਾਂ ਸਾਰੇ ਪੁਆੜੇ ਪਾਏ ਨੇ।

ਇਨ੍ਹਾਂ ਦੀਆਂ ਜ਼ਿਆਦਤੀਆਂ ਲੋਕਾਂ ਨੂੰ ਭੁਗਤਣੀਆਂ ਪੈਣਗੀਆਂ।

ਨੌਜਵਾਨ : ਜੋ ਹੋਊ, ਦੇਖੀ ਜਾਊ, ਤੁਸੀਂ ਕਿਉਂ ਖਾਹਮਖਾਹ ਦੁਖੀ ਹੁੰਦੇ ਹੋ, ਜਾਓ ਆਰਾਮ ਕਰੋ।

ਫ਼ਕੀਰ : ਬੱਚਾ! ਬੇਚੈਨ ਮਨ ਨੂੰ ਆਰਾਮ ਕਿੱਥੇ। (ਹੱਥ ਉੱਚੇ ਕਰਕੇ ਦੁਆ ਕਰਦਾ ਹੋਇਆ) ਹੇ ਪਰਵਰਦਿਗਾਰ! ਇਨ੍ਹਾਂ ਅੰਨ੍ਹਿਆਂ ਨੂੰ ਰੌਸ਼ਨੀ ਬਖ਼ਸ਼!



## ਦੂਜੀ ਝਾਕੀ

ਦ੍ਰਿਸ਼ : ਜਾਮਾ ਮਸਜਿਦ ਲਾਗੇ ਕਾਜ਼ੀ ਦੀ ਵਿਸ਼ੇਸ਼ ਕਚਹਿਰੀ। ਕਾਜ਼ੀ ਦੀ ਕੁਰਸੀ ਪਿੱਛੇ ਵੱਡੀ ਸਾਰੀ ਤਕੜੀ ਦਾ ਚਿੰਨ੍ਹ। ਲਾਗੇ ਹੀ ਮੁਗ਼ਲ ਝੰਡਾ ਝੂਲ ਰਿਹਾ ਹੈ। ਕਾਜ਼ੀ ਦੀ ਕੁਰਸੀ ਖ਼ਾਲੀ ਪਈ ਹੈ। ਨਾਜ਼ਰ ਅਤੇ ਮੱਦ-ਮੁਹੱਰਰ ਬੈਠੇ ਗੱਲਾਂ ਕਰ ਰਹੇ ਹਨ।

ਨਾਜ਼ਰ : ਤੇਰਾ ਇਸ ਹਾਦਸੇ ਬਾਰੇ ਕਿਆ ਖ਼ਿਆਲ ਹੈ ?

ਮੁਹੱਰਰ : ਜਨਾਬ, ਮੈਨੂੰ ਤਾਂ ਜ਼ਾਹਰਾ ਕਰਾਮਾਤ ਮਾਲੂਮ ਹੁੰਦੀ ਹੈ।

ਨਾਜ਼ਰ : ਕਿਆ ਸਬੂਤ ਹੈ ?

ਮੁਹੱਰਰ : ਕਿਸੇ ਸਿੱਖ ਦੀ ਕਿਆ ਮਜਾਲ ਕਰੜੇ ਪਹਿਰੇ ਲਾਗੇ ਫਟਕਦਾ।

ਨਾਜ਼ਰ : ਵੈਸੇ ਮੈਨੂੰ ਵੀ ਇਹ ਰੱਬੀ ਮੋਜਿਜ਼ਾ ਮਾਲੂਮ ਹੁੰਦਾ।

ਮੁਹੱਰਰ : ਖ਼ਲਕਤ ਨਿਹਾਇਤ ਖ਼ੌਫ਼ਜ਼ਦਾ ਹੈ। ਸਾਡੇ ਮੁਹੱਲੇ ਵਿੱਚ ਕਈ ਡਰਦੇ ਸ਼ਹਿਰ ਛੱਡ ਗਏ।

ਨਾਜ਼ਰ : ਪਹੁੰਚੇ ਹੋਏ ਫ਼ਕੀਰ ਨੂੰ ਕਤਲ ਕਰਨਾ ਰੱਬੀ ਕਰੋਪ ਨੂੰ ਸੱਦਾ ਦੇਣਾ ਹੈ।

ਨਾਜ਼ਰ : ਇਹ ਸੁਝਾ ਤੁਸੀਂ ਕਾਜ਼ੀ ਸਾਹਿਬ ਦੇ ਮਨ ਵਿੱਚ ਪਹਿਲਾਂ ਕਿਉਂ ਨਾ ਪਾਇਆ ?

ਮੁਹੱਰਰ : ਕਤਲ ਤੋਂ ਪਹਿਲਾਂ ਕੋਈ ਗੱਲ ਸੁਣਨ ਲਈ ਤਿਆਰ ਨਹੀਂ ਸੀ।

(ਕਾਜ਼ੀ ਬੋਹੜਾ ਬੜੀ ਤੇਜ਼ੀ ਨਾਲ ਆਉਂਦਾ ਹੈ। ਉਸ ਦੇ ਸਿਰ ਤੇ ਪੱਟੀ ਬੱਧੀ ਹੋਈ ਹੈ, ਉਸਦਾ ਚਿਹਰਾ ਗੁੱਸੇ ਨਾਲ ਲਾਲ ਸੂਹਾ ਹੈ। ਦੋਵੇਂ ਉਠ ਕੇ ਸਲਾਮ ਕਰਦੇ ਹਨ।)

ਬੋਹਰਾ : ਹੱਦ ਹੋ ਗਈ! ਕਾਫ਼ਰਾਂ ਦਾ ਐਨਾ ਹੌਸਲਾ ਵੱਧ ਗਿਆ! ਮੈਂ

ਇਹਨਾਂ ਦੀ ਖਲੜੀ ਉਧੇੜ ਕੇ ਰੱਖ ਦਿਆਂਗਾ! (ਦੋਹਾਂ ਵੱਲ ਦੇਖ ਕੇ) ਕਿਆ ਮਾਜਰਾ ਹੈ? ਇਹ ਮਾਤਮ ਪੁਰਸੀ ਦਾ ਆਲਮ, ਕਿਆ ਮਤਲਬ ?

ਨਾਜ਼ਰ : ਹਜ਼ੂਰ ਏ ਵਾਲਾ, ਸਾਰੇ ਸ਼ਹਿਰ ਵਿੱਚ ਮਾਤਮ ਛਾਇਆ ਹੋਇਆ।

ਬੋਹਰਾ : ਕਿਸ ਬਾਤ ਦਾ ?

ਨਾਜ਼ਰ : ਤੇਗ਼ ਬਹਾਦਰ ਦੇ ਕਤਲ ਦੇ ਰੱਦੇ-ਅਮਲ ਕਰਕੇ।

ਬੋਹਰਾ : ਅਸੀਂ ਤਾਂ ਉਸ ਨੂੰ ਆਸਾਨ ਰਸਤਾ ਬਤਾਇਆ ਸੀ। ਅਖ਼ੀਰ ਦਮ ਤੱਕ ਇੰਤਜ਼ਾਰ ਕੀਤਾ, ਮਗਰ ਉਸਨੇ ਕਰਾਮਾਤ ਦਿਖਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਨਾਜ਼ਰ : ਕਰਾਮਾਤ ਤਾਂ ਦਿਖਾ ਦਿੱਤੀ ਹੈ।

ਕਾਜ਼ੀ : (ਗੁੱਸੇ ਨਾਲ) ਕਿਹੜੀ ਕਰਾਮਾਤ ?

ਨਾਜ਼ਰ : ਪੀਰ ਦਾ ਸਿਰ ਔਰ ਧੜ ਗਾਇਬ।

ਕਾਜ਼ੀ : (ਆਪੇ ਤੋਂ ਬਾਹਰ ਹੁੰਦਾ ਹੋਇਆ) ਇਹ ਕਰਤੂਤ ਸਰਾਸਰ ਭੂਤਰੇ ਹੋਏ ਸਿੱਖਾਂ ਦੀ ਹੈ।

ਨਾਜ਼ਰ : ਇਹ ਮੁਮਕਿਨ ਨਹੀਂ ਆਲੀ ਜਾਹ।

ਕਾਜ਼ੀ : ਬਿਲਕੁਲ ਮੁਮਕਿਨ ਹੈ (ਸਿਰ ਨੂੰ ਹਿਲਾ ਕੇ) ਆਹ ਹੈ ਇਸ ਦਾ ਜ਼ਿੰਦਾ ਸਬੂਤ! ਤੈਨੂੰ ਪਤਾ, ਕੱਲ੍ਹ ਸ਼ਾਮੀਂ ਮੇਰੇ ਨਾਲ ਕਿਆ ਵਾਕਿਆ ਹੋਇਆ ?

ਨਾਜ਼ਰ : ਕਿਆ ਹੋਇਆ ਜਨਾਬ ?

ਕਾਜ਼ੀ : ਈਸ਼ਾ ਦੀ ਨਮਾਜ਼ ਤੋਂ ਬਾਅਦ ਮੈਂ ਘਰ ਜਾ ਰਿਹਾ ਸੀ।

ਨਾਜ਼ਰ : ਫੇਰ ਜਨਾਬ ?

ਕਾਜ਼ੀ : ਗਲੀ ਦੇ ਕੋਨੇ ਤੇ ਖੜੇ ਮਛਰੇ ਹੋਏ ਸਿੱਖ ਲੜਕੇ ਨੇ ਮੇਰੇ ਇੱਟ ਕੱਢ ਮਾਰੀ।

ਦੋਵੇਂ : ਤੌਬਾ! ਤੌਬਾ!! ਐਨੀ ਜੁਰਅੱਤ!!!

ਨਾਜ਼ਰ : ਭਾਰੀ ਸਾਜ਼ਿਸ਼ ਹੈ ਆਲੀਜਾਹ!

ਮੁਹੱਰਰ : ਇਸੇ ਕਰਕੇ ਕੁਫ਼ਰ ਨੂੰ ਖ਼ਤਮ ਕਰਨਾ ਅੱਲ੍ਹਾ ਦੀ ਨਜ਼ਰ ਵਿੱਚ ਸਵਾਬ ਹੈ!



ਕਾਜ਼ੀ : ਏਸ ਵਾਕਿਆ ਨੇ ਮੈਨੂੰ ਯਕੀਨ ਕਰਾ ਦਿੱਤਾ ਹੈ ਕਿ ਇਹ ਕਰਤੂਤ ਪੀਰ ਦੇ ਪੈਰੋਕਾਰਾਂ ਦੀ ਹੈ। ਇਨ੍ਹਾਂ ਸਗਾਂ ਨੂੰ ਮੈਂ ਐਸਾ ਸਬਕ ਸਿਖਾਂਵਾਂਗਾ ਕਿਆਮਤ ਤੱਕ ਯਾਦ ਰੱਖਣਗੇ।

ਨਾਜ਼ਰ : ਜਨਾਬ ਸ਼ਕਤੀ ਤੋਂ ਬਿਨਾਂ ਭੂਤਰੇ ਹੋਏ ਲੋਕ ਸਿੱਧੇ ਨਹੀਂ ਹੁੰਦੇ। ਮਥਰਾ ਦੇ ਜਾਟ ਔਰ ਸਤਨਾਮੀ ਸਾਧੂ ਕਿੰਨੇ ਹਨ? ਆਲਮਗੀਰ ਨੇ ਦਿਨਾਂ ਵਿੱਚ ਸ਼ੋਰ ਸ਼ਰਾਬਾ ਕੁਚਲ ਕੇ ਰੱਖ ਦਿੱਤਾ।

ਕਾਜ਼ੀ : ਹੈਂ! ਇਹ ਕੇਸਾ ਸ਼ੋਰਗੁਲ ਹੈ ? ਜ਼ਰਾ ਦੇਖੋ!

(ਚਾਰ ਦੀਵਾਰੀ ਤੋਂ ਬਾਹਰ ਲੋਕਾਂ ਦੇ ਨਾਅਰੇ ਤੇ ਰੌਲਾ-ਗੌਲਾ ਸੁਣਾਈ ਦਿੰਦਾ ਹੈ।)

ਆਵਾਜ਼ : ਸਾਨੂੰ ਰੱਬੀ ਕਹਿਰ ਤੋਂ

ਸਾਰੇ : ਬਚਾਓ !

ਆਵਾਜ਼ : ਸਾਡੇ ਜਾਨ ਮਾਲ ਦੀ

ਸਾਰੇ : ਰੱਖਿਆ ਕਰੋ।

ਨਾਜ਼ਰ : (ਵਾਪਸ ਆ ਕੇ) ਜਨਾਬ, ਲੋਕਾਂ ਵਿੱਚ ਸਖ਼ਤ ਬੇਚੈਨੀ ਹੈ।

ਕਾਜ਼ੀ : ਇਹ ਤਾਂ ਮੈਂ ਭੀ ਸੁਣ ਰਿਹਾਂ, ਮਗਰ ਲੋਕ ਚਾਹੁੰਦੇ ਕਿਆ ਹੈਂ ?

ਨਾਜ਼ਰ : ਭੈਭੀਤ ਲੋਕੀਂ ਸਰਕਾਰੀ ਪਨਾਹ ਮੰਗ ਰਹੇ ਹਨ।

ਕਾਜ਼ੀ : ਮੈਂ ਕਿਆ ਕਰ ਸਕਦਾ ਹਾਂ, ਆਲਮਗੀਰ ਇਥੇ ਨਹੀਂ ਹਨ।

ਨਾਜ਼ਰ : ਹਜ਼ੂਰ ਏ-ਵਾਲਾ, ਲੋਕ ਇਸਰਾਰ ਕਰ ਰਹੇ ਨੇ।

ਕਾਜ਼ੀ : ਕਿਆ ਚਾਹੁੰਦੇ ਹੈਂ ?

ਨਾਜ਼ਰ : ਕਹਿੰਦੇ ਨੇ ਕਾਜ਼ੀ ਸਾਹਿਬ ਨੂੰ ਬੋਲੋ ਸਾਡੇ ਸਾਹਮਣੇ ਪੇਸ਼ ਹੋਵੇ।

ਕਾਜ਼ੀ : ਹੈਂ ! ਇਨ੍ਹਾਂ ਦੀ ਇਹ ਮਜਾਲ!

ਨਾਜ਼ਰ : ਜਨਾਬ, ਖੌਫ਼ਜ਼ਦਾ ਲੋਕਾਂ ਉੱਤੇ ਸਖ਼ਤੀ ਕਰਨੀ ਠੀਕ ਨਹੀਂ, ਤੁਸੀਂ ਹਲੀਮੀ ਨਾਲ ਦੋ ਗੱਲਾਂ ਕਰੋ, ਆਪੇ ਠੰਡੇ ਪੈ ਜਾਣਗੇ। ਉਨ੍ਹਾਂ ਦਾ ਡਰ ਦੂਰ ਕਰਨਾ ਸਾਡਾ ਫਰਜ਼ ਹੈ।

(ਕਾਜ਼ੀ ਦੀਵਾਰ ਉੱਤੇ ਖੜਾ ਹੋ ਜਾਂਦਾ ਹੈ। ਉਸ ਨੂੰ ਦੇਖ ਲੋਕੀਂ ਹੋਰ ਉੱਚੀ ਨਾਅਰੇ ਮਾਰਦੇ ਹਨ, "ਹਮਾਰਾ ਡਰ", 'ਦੂਰ ਕਰੋ' ਆਦਿ।)

ਕਾਜ਼ੀ : (ਚੁੱਪ ਰਹਿਣ ਦਾ ਇਸ਼ਾਰਾ ਕਰਕੇ) ਮੇਰੀ ਬਾਤ ਸੁਣੋ !

ਇਕ ਬੰਦਾ : ਸੁਣੋ, ਦੇਖੋ ਕਿਆ ਕਹਿੰਦਾ ਹੈ ?

ਕਾਜ਼ੀ : ਕੋਈ ਸਿਆਣਾ ਬੰਦਾ ਅੱਗੇ ਆ ਕੇ ਤੁਹਾਡੀ ਫਰਿਆਦ ਜ਼ਾਹਰ ਕਰੇ।

ਇਕ ਬੰਦਾ : (ਸਾਹਮਣੇ ਖੜਾ ਹੋ ਕੇ) ਜਨਾਬ! ਸ਼ਹਿਰ ਵਿੱਚ ਸਖ਼ਤ ਬੇਚੈਨੀ ਔਰ ਘਬਰਾਹਟ ਫੈਲੀ ਹੋਈ ਹੈ। ਖੌਫ਼ਜ਼ਦਾ ਲੋਕ ਸੌਂ ਨਹੀਂ ਸਕਦੇ। ਔਰਤਾਂ ਔਰ ਬੱਚਿਆਂ ਦੇ ਮਨਾਂ ਵਿੱਚ ਡਰ ਘਰ ਕਰ ਗਿਆ।

ਕਾਜ਼ੀ : ਮਗਰ ਕਿਉਂ ?

ਬੰਦਾ : ਕਹਿੰਦੇ ਨੇ, ਦਿੱਲੀ ਸ਼ਹਿਰ ਉੱਤੇ ਰੱਬੀ ਕਹਿਰ ਨਾਜ਼ਲ ਹੋਣ ਵਾਲਾ ਹੈ।

ਕਾਜ਼ੀ : ਇਹ ਅਫ਼ਵਾਹਾਂ ਹਕੂਮਤ ਦੇ ਦੁਸ਼ਮਨਾਂ ਦੀਆਂ ਫੈਲਾਈਆਂ ਹੋਈਆਂ ਹਨ। ਇਹ ਵਹਿਮ ਭਰਮ ਬੇ-ਬੁਨਿਆਦ ਹਨ।

ਬੰਦਾ : ਪ੍ਰਤੱਖ ਸਬੂਤ ਹਨ ਜਨਾਬ।

ਕਾਜ਼ੀ : ਕਿਹੜੇ ਸਬੂਤ ?

ਬੰਦਾ : ਕਤਲ ਵਾਲੀ ਸਵੇਰ ਦੀ ਕਾਲੀ ਬੋਲੀ ਹਨੇਰੀ ਇਸ ਦਾ ਜ਼ਾਹਰਾ ਸਬੂਤ ਹੈ। ਉਸ ਰਾਤ ਬੋਦੀ ਵਾਲੇ ਤਾਰੇ ਦਾ ਜ਼ਾਹਰ ਹੋਣਾ ਔਰ ਗੁਰੂ ਦਾ ਸਿਰ ਔਰ ਜਿਸਮ ਗ਼ਾਇਬ ਹੋ ਜਾਣੇ ਠੋਸ ਸਬੂਤ ਹਨ।

ਕਾਜ਼ੀ : ਸਾਨੂੰ ਬਲਕਿ ਇਹ ਅਫ਼ਵਾਹਾਂ ਦਬਾਉਣੀਆਂ ਚਾਹੀਦੀਆਂ ਹਨ।

ਬੰਦਾ : ਜਨਾਬ, ਪਿਛਲੀ ਦਫ਼ਾ ਜਦੋਂ ਦੁੰਮਦਾਰ ਤਾਰਾ ਦਿਖਾਈ ਦਿੱਤਾ ਸੀ ਤਾਂ ਆਲਮਗੀਰ ਵੀ ਡਰਦੇ ਮਾਰੇ ਭੁੰਜੇ ਸੌਂਦੇ ਸਨ, ਹਰ ਵਕਤ ਕਲਮਾਂ ਪੜ੍ਹਦੇ ਰਹਿੰਦੇ ਸਨ।

ਕਾਜ਼ੀ : ਮੇਰੀ ਸੁਣੋ! ਇਸ ਕਤਲ ਵਿੱਚ ਮੇਰਾ ਔਰ ਤੁਹਾਡਾ ਕੋਈ ਦਖ਼ਲ ਨਹੀਂ, ਇਹ ਸਿਆਸੀ ਮਾਮਲਾ ਹੈ। ਮੈਂ ਫ਼ਕਤ ਬਾਦਸ਼ਾਹ ਸਲਾਮਤ ਦਾ ਹੁਕਮ ਬਜਾ ਲਿਆਂਦਾ ਹੈ। ਦਰ ਹਕੀਕਤ ਸਿਰ ਔਰ ਜਿਸਮ ਗਾਇਬ ਹੋਣ ਤੋਂ ਹੀ ਕੁਝ ਅਫਵਾਹਾਂ ਫੈਲੀਆਂ ਹਨ। ਮੈਨੂੰ ਇਕ ਦਿਨ ਦੀ ਮੁਹਲਤ ਦਿਉ, ਮੈਂ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ ਸ਼ਾਮ ਤੱਕ ਕੁਲ ਹਕੀਕਤ ਤੁਹਾਡੇ ਸਾਹਮਣੇ ਰੱਖ ਦਿਆਂਗਾ। ਮੈਨੂੰ ਸ਼ਾਜਿਸ਼ ਲੱਭਣ ਦਾ ਮੌਕਾ ਦਿਉ। ਬਾਦਸ਼ਾਹ ਸਲਾਮਤ ਦਿੱਲੀ



ਵਿੱਚ ਹੁੰਦੇ ਤਾਂ ਸਾਨੂੰ ਕਿਸੇ ਤਰ੍ਹਾਂ ਦਾ ਫ਼ਿਕਰ ਨਹੀਂ ਸੀ। ਆਲਮਗੀਰ ਖੁਦ ਜ਼ਿੰਦਾ ਪੀਰ ਹਨ।

ਬੰਦਾ : (ਲੋਕਾਂ ਨੂੰ ਸੰਬੋਧਨ ਕਰਕੇ)! ਕਾਜ਼ੀ-ਏ-ਆਲਾ ਨੇ ਬਾਦਲੀਲ ਗੱਲ ਕੀਤੀ ਹੈ। ਸਾਥੋਂ ਸਿਰਫ਼ ਇਕ ਦਿਨ ਦੀ ਮੁਹਲਤ ਮੰਗਦੇ ਹਨ।

ਦੂਜਾ ਬੰਦਾ : ਕੱਲ੍ਹ ਨੂੰ ਇਸੇ ਵਕਤ ਜੁਆਬ ਦੇਣਾ ਹੋਵੇਗਾ।

ਕਾਜ਼ੀ : ਮਨਜ਼ੂਰ ਹੈ।

(ਲੋਕੀਂ ਹੱਲਾ ਹੁੱਲਾ ਮਚਾਉਂਦੇ ਚਲੇ ਜਾਂਦੇ ਹਨ। ਕਾਜ਼ੀ ਵਾਪਸ ਜਾ ਕੇ ਕੁਰਸੀ ਤੇ ਬੈਠ ਜਾਂਦਾ ਹੈ।)

ਕਾਜ਼ੀ : ਗ਼ਲਤ ਅਫਵਾਹਾਂ ਨੇ ਸ਼ਹਿਰ ਵਿੱਚ ਅਜੀਬ ਮਾਹੌਲ ਪੈਦਾ ਕਰ ਦਿੱਤਾ ਹੈ।

ਨਾਜ਼ਰ : ਜਦੋਂ ਸ਼ਹਿਨਸ਼ਾਹ ਤੱਕ ਇਹ ਖ਼ਬਰ ਪੁੱਜੀ ਤਾਂ ਉਹ ਸਖ਼ਤ ਖ਼ਫ਼ਾ ਹੋਣਗੇ।

ਕਾਜ਼ੀ : ਇਹੋ ਖੌਫ਼ ਤਾਂ ਮੈਨੂੰ ਵੱਢ-ਵੱਢ ਖਾ ਰਿਹਾ ਹੈ। ਇਹ ਭੇਦ ਲੱਭਣ ਲਈ ਸਾਨੂੰ ਫ਼ੌਰਨ ਸਖ਼ਤ ਰਵੱਈਆ ਅਖ਼ਤਿਆਰ ਕਰਨਾ ਪਵੇਗਾ ਵਰਨਾ ਸਾਨੂੰ ਆਪਣੀ ਜਾਨ ਮਾਲ ਦਾ ਖ਼ਤਰਾ ਹੈ। ਆਲਮਗੀਰ ਹਰਗਿਜ਼ ਮੁਆਫ਼ ਨਹੀਂ ਕਰਨਗੇ।

ਨਾਜ਼ਰ : ਜਨਾਬ, ਮੈਂ ਤਾਂ ਪਹਿਲਾਂ ਹੀ ਬਾਕੀ ਸਭ ਮਿਸਲਾਂ ਲਾਂਭੇ ਧਰ ਦਿੱਤੀਆਂ ਹਨ।

ਕਾਜ਼ੀ : ਦਰੋਗ਼ਾ ਚਾਂਦਨੀ ਚੌਕ ਨੂੰ ਫ਼ੌਰਨ ਪੇਸ਼ ਕਰੋ।

ਨਾਜ਼ਰ : ਦਰੋਗ਼ਾ ਬੀਮਾਰ ਹੈ ਜਨਾਬ!

ਕਾਜ਼ੀ : ਉਸ ਦਿਨ ਬਿਲਕੁਲ ਠੀਕ ਸੀ।

ਨਾਜ਼ਰ : ਪਤਾ ਲੱਗਾ ਹੈ, ਕਤਲ ਤੋਂ ਬਾਅਦ ਹੌਲ ਨਾਲ ਬੀਮਾਰ ਪੈ ਗਿਆ।

ਕਾਜ਼ੀ : ਇਤਨਾ ਕਮਜ਼ੋਰ ਦਿਲ! ਐਸੇ ਨਾਅਹਿਲ ਨੂੰ ਫੌਰਨ ਨੌਕਰੀ ਤੋਂ ਬਰਖ਼ਾਸਤ ਕੀਤਾ ਜਾਵੇ।

ਨਾਜ਼ਰ : ਜਨਾਬ, ਉਸਨੇ ਤਾਂ ਖ਼ੁਦ ਅਸਤੀਫ਼ਾ ਦੇ ਦਿੱਤਾ ਹੈ।

ਕਾਜ਼ੀ : ਕਾਫ਼ਰਾਂ ਨਾਲ ਹਮਦਰਦੀ ਦੇ ਜੁਰਮ ਵਿੱਚ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

ਨਾਜ਼ਰ : ਹੁਕਮ ਲਿਖਾਂ ਜਨਾਬ ?

ਕਾਜ਼ੀ : ਬਾਅਦ ਵਿੱਚ ਯਾਦ ਕਰਵਾਣਾ, ਪਹਿਲੇ ਕੋਤਵਾਲ ਨੂੰ ਬੁਲਾਓ।

ਦਰਬਾਨ : ਕੋਤਵਾਲ ਚਾਂਦਨੀ ਚੌਕ ਹਾਜ਼ਰ ਹੈ।

ਕੋਤਵਾਲ : (ਅਦਬ ਨਾਲ ਸਿਰ ਝੁਕਾ ਕੇ) ਗ਼ੁਲਾਮ ਹਾਜ਼ਰ ਹੈ, ਬੰਦਾ ਪਰਵਰ!

ਕਾਜ਼ੀ : (ਰੋਅਬ ਨਾਲ) ਕਿੱਥੇ ਗਿਆ ਮਕਤੂਲ ਦਾ ਸਿਰ ਔਰ ਜਿਸਮ ?

ਕੋਤਵਾਲ : (ਡਰ ਨਾਲ ਥਿੜਕਦਾ ਹੋਇਆ) ਹਜ਼ੂਰ! ਸਖ਼ਤ ਪਰੇਸ਼ਾਨ ਹਾਂ।

ਕਾਜ਼ੀ : ਤੈਨੂੰ ਆਲਮਗੀਰ ਦੇ ਹੁਕਮ ਦਾ ਇਲਮ ਨਹੀਂ ਸੀ ਕਿ ਸਿਰ ਕੋਈ ਦਿਨ ਲਟਕਾ ਕੇ ਰੱਖਣਾ ਔਰ ਲਾਸ਼ ਨੂੰ.........

ਕੋਤਵਾਲ : ਹੈ ਸੀ ਹਜ਼ੂਰ।

ਕਾਜ਼ੀ : ਤੈਨੂੰ ਆਪਣੀ ਖਲੜੀ ਦਾ ਵੀ ਖ਼ਿਆਲ ਨਹੀਂ ਸੀ ?

ਕੋਤਵਾਲ : ਹੈ ਸੀ ਆਲੀਜਾਹ!

ਕਾਜ਼ੀ : ਫੇਰ ਕਰੜਾ ਪਹਿਰਾ ਕਿਉਂ ਨਾ ਲਗਾਇਆ ?

ਕੋਤਵਾਲ : ਪਹਿਰੇਦਾਰਾਂ ਨੂੰ ਸਖ਼ਤ ਹੁਕਮ ਦਿੱਤਾ ਗਿਆ ਸੀ ਹਜ਼ੂਰ।

ਕਾਜ਼ੀ : ਫੇਰ ਇਹ ਸਭ ਕੁਛ ਕਿਸ ਤਰ੍ਹਾਂ ਹੋਇਆ ?

ਕੋਤਵਾਲ : ਜਨਾਬ, ਮੈਨੂੰ ਤਾਂ ਰੱਬੀ ਮੋਜਿਜ਼ਾਂ ਲੱਗਦਾ ਹੈ।

ਕਾਜ਼ੀ : (ਉੱਚੀ ਕੜਕ ਕੇ) ਕੋਤਵਾਲ ਵੀ ਇਸ ਗੱਲ ਵਿੱਚ ਯਕੀਨ ਰੱਖਦਾ ਹੈ। ਫੇਰ ਅਫ਼ਵਾਹਾਂ ਫੈਲਾਉਣ ਵਿੱਚ ਤੇਰਾ ਵੀ ਹੱਥ ਹੈ! ਕਮਬਖ਼ਤ, ਨੇਸਤੋ ਨਾਬੂਦ ਹੋ ਜਾਏਂਗਾ, ਆਲਮਗੀਰ ਦੀ ਫ਼ਿਤਰਤ ਤੋਂ ਤੂੰ ਵਾਕਿਫ਼ ਨਹੀਂ। ਹਜ਼ੂਰ ਸਿਆਸੀ ਦੁਸ਼ਮਣ ਔਰ ਨਾਲਾਇਕ ਅਹਿਲਕਾਰ ਨੂੰ ਕਦੇ ਮੁਆਫ਼ ਨਹੀਂ ਕਰਦੇ।

ਕੋਤਵਾਲ : ਹਜ਼ੂਰ-ਏ-ਵਾਲਾ, ਸੋਲਾਂ ਸਾਲਾਂ ਤੋਂ ਮੁਗ਼ਲਈ ਸਲਤਨਤ ਦੀ ਦਿਲੋਂ ਜਾਨ ਖ਼ਿਦਮਤ ਕਰ ਰਿਹਾਂ, ਕਦੇ ਐਸਾ ਵਾਕਿਆ ਨਹੀਂ ਪੈਦਾ ਹੋਇਆ।

ਕਾਜ਼ੀ : ਕਿੱਥੇ ਹਨ ਉਹ ਨਾਮਾਕੂਲ ਪਹਿਰੇਦਾਰ ਇਸ ਵਕਤ ?

ਕੋਤਵਾਲ : ਕੈਦਖ਼ਾਨੇ ਵਿਚ ਨੂੜੇ ਹੋਏ ਨੇ ਜਨਾਬ।



ਕਾਜ਼ੀ : ਤੇਰਾ ਕਿਸ ਉੱਤੇ ਸ਼ੱਕ ਸੁਬ੍ਹਾ ਹੈ ?

ਕੋਤਵਾਲ : ਅਜੇ ਤੱਕ ਕੋਈ ਚਸ਼ਮ-ਦੀਦ ਗਵਾਹ ਨਹੀਂ ਮਿਲ ਸਕਿਆ ਜਨਾਬ!

ਕਾਜ਼ੀ : ਪਰ ਮੌਕਾ ਕਤਲ ਤੇ ਕੌਣ-ਕੌਣ ਸ਼ੱਕੀ ਸ਼ਖ਼ਸ਼ ਹਾਜ਼ਰ ਸਨ ? ਯਾਦ ਹੈ ਕਿ ਡਰ ਕੇ ਉਹ ਵੀ ਭੁੱਲਾ ਦਿੱਤੇ।

ਕੋਤਵਾਲ : ਉਨ੍ਹਾਂ ਦੇ ਨਾਮ ਮੈਂ ਬਖ਼ੂਬੀ ਦਸ ਸਕਦਾਂ, ਜਨਾਬ।

ਕਾਜ਼ੀ : (ਮੱਦ ਮੁਹੱਰਰ ਨੂੰ) ਮੁਜਰਮਾਂ ਦੀ ਫ਼ਹਰਿਸਤ ਤਿਆਰ ਕਰੋ! ਬੋਲੋ!

ਕੋਤਵਾਲ : ਆਲੀਜਾਹ, ਕਤਲ ਦੇ ਸ਼ੁਰੂ ਤੋਂ ਅਖ਼ੀਰ ਤੱਕ ਇਕ ਸੂਫ਼ੀ ਫ਼ਕੀਰ ਇਕ ਟੱਕ ਖੜਾ ਰਿਹਾ।

ਕਾਜ਼ੀ : ਉਸ ਗੁਸਤਾਖ਼ ਨੂੰ ਮੈਂ ਵੀ ਤਾੜਿਆ ਸੀ, ਠੀਕ ਉਹ ਮਸ਼ਕੂਕ ਆਦਮੀ ਸੀ।

ਕੋਤਵਾਲ : ਉਹ ਆਲਮਗੀਰ ਦੇ ਬਰਖ਼ਿਲਾਫ਼ ਬੋਲ ਰਿਹਾ ਸੀ ਔਰ ਬਦ-ਦੁਆਵਾਂ ਦੇ ਰਿਹਾ ਸੀ, ਜਨਾਬ!

ਕਾਜ਼ੀ : ਕਿਥੇ ਹੈ ਉਹ ?

ਕੋਤਵਾਲ : ਕਾਬੂ ਵਿੱਚ ਹੈ ਜਨਾਬ! ਹੁਕਮ ਮਿਲਣ ਤੇ ਪੇਸ਼ ਕੀਤਾ ਜਾਵੇਗਾ।

ਕਾਜ਼ੀ : ਹੋਰ ਮੌਕੇ ਤੇ ਕੌਣ ਹਾਜ਼ਰ ਸੀ ?

ਕੋਤਵਾਲ : ਇਕ ਪਾਗਲ ਔਰਤ!

ਕਾਜ਼ੀ : ਉਸ ਜਾਦੂਗਰਨੀ ਤੋਂ ਕਿਆ ਭੇਦ ਨਿਕਲ ਸਕਦਾ ਹੈ, ਉਸਨੂੰ ਆਪਣੀ ਹੋਸ਼ ਨਹੀਂ।

ਕੋਤਵਾਲ : ਦਰਅਸਲ ਉਹ ਔਰਤ ਪਾਗ਼ਲ ਨਹੀਂ ਜਨਾਬ।

ਕਾਜ਼ੀ : ਤੈਨੂੰ ਕਿਸ ਤਰ੍ਹਾਂ ਪਤਾ ?

ਕੋਤਵਾਲ : ਸਾਨੂੰ ਖ਼ੁਫ਼ੀਆ ਇਤਲਾਹ ਮਿਲੀ ਹੈ ਹਜ਼ੂਰ!

ਕਾਜ਼ੀ : ਹੋਰ ਕੌਣ ਹੈ ?

ਕੋਤਵਾਲ : ਸ਼ਾਹੀ ਠੇਕੇਦਾਰ ਲੱਖੀ ਸ਼ਾਹ, ਜਨਾਬ!

ਕਾਜ਼ੀ : ਉਹ ਤਾਂ ਸਲਤਨਤ ਦਾ ਆਜ਼ਮੂਦਾ ਪੁਰਜ਼ਾ ਹੈ।

ਕੋਤਵਾਲ : ਖ਼ੁਫ਼ੀਆ ਖ਼ਬਰ ਮੁਤਾਬਿਕ ਉਹ ਗ਼ਦਾਰ ਔਰ ਹਕੂਮਤ ਦਾ ਜਾਨੀ ਦੁਸ਼ਮਣ ਹੈ।

ਕਾਜ਼ੀ : ਉਹ ਕਿਥੇ ਹੈ ?

ਕੋਤਵਾਲ : ਜ਼ੇਰੇ ਹਿਰਾਸਤ ਹੈ ਜਨਾਬ।

ਕਾਜ਼ੀ : ਉਸ ਨਾਮਾਕੂਲ ਲੜਕੇ ਨੂੰ ਮੁਜਰਮਾਂ ਦੀ ਫ਼ਹਰਿਸਤ ਵਿੱਚ ਸ਼ਾਮਲ ਕਰੋ। ਸ਼ਾਇਦ ਉਸ ਤੋਂ ਕੋਈ ਸੁਰਾਗ ਮਿਲ ਸਕੇ। ਅੱਲ੍ਹਾ ਦੀ ਮਿਹਰ ਨਾਲ ਬਚਾ ਹੋ ਗਿਆ ਵਰਨਾ ਉਸਨੇ ਕਸਰ ਨਹੀਂ ਸੀ ਛੱਡੀ।

ਨਾਜ਼ਰ : ਤੁਹਾਡੇ ਨੇਕ ਅਮਲ ਸਾਹਮਣੇ ਆ ਗਏ ਨੇ ਜਨਾਬ!

ਕਾਜ਼ੀ : ਉਹ ਛੋਕਰਾ ਦਿੱਲੀ ਦਰਵਾਜ਼ੇ ਹਵਾਲਾਤ ਵਿੱਚ ਹੈ।

ਕੋਤਵਾਲ : ਬਹੁਤ ਅੱਛਾ ਜਨਾਬ।

ਕਾਜ਼ੀ : ਹੋਰ ਬੋਲੋ!

ਕੋਤਵਾਲ : ਸਾਨੂੰ ਇਹ ਵੀ ਇਤਲਾਹ ਮਿਲੀ ਹੈ ਕਿ ਰਾਜਾ ਰਾਮ ਸਿੰਘ ਦਾ ਪੋਤਰਾ ਔਰ ਕੁਝ ਰਾਜਪੂਤ ਨੌਜਵਾਨ ਅਵਾਮ ਵਿੱਚ ਸ਼ਾਮਲ ਸਨ। ਉਨ੍ਹਾਂ ਨੇ ਗੁਰੂ ਦੇ ਹੱਕ ਵਿੱਚ ਨਾਅਰੇ ਵੀ ਮਾਰੇ ਸਨ।

ਕਾਜ਼ੀ : ਉਹ ਜਜ਼ਬਾਤੀ ਹੌਸਲਾ ਸਮਝਣਾ ਚਾਹੀਦਾ ਹੈ। ਦੂਸਰੇ, ਇਸ ਦੇ ਸਿਆਸੀ ਮਾਮਲਾ ਬਣਨ ਦਾ ਖ਼ਦਸ਼ਾ ਹੈ। ਇਸ ਵਾਸਤੇ ਉਨ੍ਹਾਂ ਦੇ ਨਾਮ ਫ਼ਿਲਹਾਲ ਫ਼ਹਰਿਸਤ ਵਿੱਚ ਮਤ ਸ਼ਾਮਲ ਕਰੋ।

ਕੋਤਵਾਲ : ਕਸ਼ਮੀਰੀ ਪੰਡਤ ਵੀ ਹਾਜ਼ਰ ਸਨ, ਜਨਾਬ!

ਕਾਜ਼ੀ : ਉਹ ਐਨੀ ਜੁਅੱਰਤ ਨਹੀਂ ਕਰ ਸਕਦੇ।

ਕੋਤਵਾਲ : ਪਰ ਉਨ੍ਹਾਂ ਦੀ ਖ਼ਾਤਰ ਹੀ ਤੇਗ਼ ਬਹਾਦਰ ਨੇ ਕੁਰਬਾਨੀ ਦਿੱਤੀ ਹੈ।

ਕਾਜ਼ੀ : ਇਹ ਮਾਮਲਾ ਬਾਦਸ਼ਾਹ ਸਲਾਮਤ ਨਾਲ ਤਅੱਲੁਕ ਰਖਦਾ ਹੈ। ਫਿਲਹਾਲ ਇਨ੍ਹਾਂ ਨੂੰ ਭੁਗਤਾਉ, ਇਨ੍ਹਾਂ ਦੀਆਂ ਗਵਾਹੀਆਂ ਵਿਚੋਂ ਹੋਰ ਨਾਮ ਨਿਕਲਣਗੇ।

ਕੋਤਵਾਲ : ਸਭ ਤੋਂ ਜ਼ਰੂਰੀ ਗਵਾਹ ਰਹਿ ਗਿਆ, ਜਨਾਬ!

ਕਾਜ਼ੀ : ਉਹ ਕੌਣ ਹੈ ?

ਕੋਤਵਾਲ : ਕੋਤਵਾਲੀ ਦਾ ਮਿਹਤਰ ਜੈਤਾ! ਉਹ ਸਭ ਤੋਂ ਜ਼ਿਆਦਾ ਮਸ਼ਕੂਕ ਹੈ।

ਕਾਜ਼ੀ : ਪਹਿਲਾਂ ਉਸ ਨੂੰ ਪੇਸ਼ ਕਰੋ!

ਕੋਤਵਾਲ : ਉਹ ਮਫ਼ਰੂਰ ਹੈ ਜਨਾਬ! ਉਸਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਹੈ।

ਕਾਜ਼ੀ : ਉਸਦੇ ਬੀਵੀ ਬੱਚੇ ਕਿੱਥੇ ਹੈਨ ?



ਕੋਤਵਾਲ : ਜ਼ੇਰੇ ਹਿਰਾਸਤ ਹਨ, ਆਲੀਜਾਹ!

ਕਾਜ਼ੀ : ਫਿਰ ਸੂਫ਼ੀ ਫ਼ਕੀਰ ਨੂੰ ਪੇਸ਼ ਕਰੋ।

(ਸੂਫ਼ੀ ਫ਼ਕੀਰ ਬੜੇ ਸਵੈਮਾਨ ਨਾਲ ਦਾਖ਼ਲ ਹੁੰਦਾ ਹੈ ਅਤੇ ਬਿਨਾਂ ਸਿਰ ਝੁਕਾਏ ਖੜਾ ਹੋ ਜਾਂਦਾ ਹੈ। ਉਸ ਦੇ ਸੱਜੇ ਹੱਥ ਵਿੱਚ ਤਸਬੀਹ ਹੈ।)

ਨਾਜ਼ਰ : ਸਿਰ ਝੁਕਾਉ!

ਸੂਫ਼ੀ : ਇਹ ਸਿਰ ਸਿਰਫ ਉਸ ਖ਼ੁਦਾ ਅੱਗੇ ਝੁਕਦਾ ਹੈ।

ਕਾਜ਼ੀ : (ਉਸ ਵੱਲ ਗੌਰ ਨਾਲ ਦੇਖਦਾ ਹੋਇਆ) ਕਿਆ ਨਾਮ ਹੈ ਤੇਰਾ ?

ਸੂਫ਼ੀ : ਖ਼ੁਦਾ ਦਾ ਇਕ ਅਦਨਾ ਬੰਦਾ।

ਕਾਜ਼ੀ : ਮੈਂ ਤੇਰਾ ਨਾਮ ਪੁਛਿਆ ਹੈ।

ਸੂਫ਼ੀ : ਆਜਿਜ਼ ਫ਼ਕੀਰਾਂ ਦੇ ਨਾਮ ਪਤੇ ਨਹੀਂ ਹੁੰਦੇ।

ਕਾਜ਼ੀ : ਤੇਰੇ ਮੁਰਸ਼ਦ ਦਾ ਕਿਆ ਨਾਮ ਹੈ ?

ਸੂਫ਼ੀ : ਸ਼ਹੀਦ ਸਰਮਦ!

ਕਾਜ਼ੀ : (ਅਤੀ ਹੈਰਾਨੀ ਵਿਚ) ਹੈਂ! ਤੂੰ ਸਰਮਦ ਦਾ ਪੈਰੋਕਾਰ ਹੈਂ ?

ਸੂਫ਼ੀ : ਮੁਰਸ਼ਦ ਦੀ ਹਕੀਰ ਉੱਤੇ ਨਜ਼ਰੇ-ਇਨਾਇਤ ਸੀ ?

ਕਾਜ਼ੀ : ਕਿਆ ਤੂੰ ਅਜੇ ਤੱਕ ਸਰਮਦ ਦੇ ਅਕੀਦਿਆਂ ਵਿੱਚ ਯਕੀਨ ਰੱਖਦਾ ਹੈਂ ?

ਸੂਫ਼ੀ : ਮੁਕੰਮਲ ਤੌਰ ਤੇ।

ਕਾਜ਼ੀ : ਤੈਨੂੰ ਇਲਮ ਹੈ ਉਹ ਕਿਉਂ ਕਤਲ ਕੀਤਾ ਗਿਆ ਸੀ ?

ਸੂਫ਼ੀ : ਉਹ ਹਰ ਬਸ਼ਰ ਵਿੱਚ ਰੱਬੀ ਨੂਰ ਦਾ ਜਲਵਾ ਦੇਖਦਾ ਸੀ, ਉਸ ਲਈ ਸਭ ਮਜ਼੍ਹਬ ਬਰਾਬਰ ਸਨ। ਤੰਗ ਦਿਲ ਉਲਮਾ ਉਸ ਦੇ ਅਜ਼ਾਦ ਖ਼ਿਆਲਾਤ ਬਰਦਾਸ਼ਤ ਨਾ ਕਰ ਸਕੇ।

ਕਾਜ਼ੀ : ਉਹ ਗ਼ਦਾਰ ਦਾਰਾ ਸ਼ਿਕੋਹ ਦਾ ਤਰਫ਼ਦਾਰ ਸੀ।

ਸੂਫ਼ੀ : ਸਹਿਜ਼ਾਦਾ ਉਸ ਦੇ ਅਕੀਦੀਆਂ ਨਾਲ ਸਹਿਮਤ ਸੀ, ਜੇ ਅੱਜ ਦਾਰਾ ਸ਼ਿਕੋਹ ਮੁਗਲਈ ਤਖ਼ਤ ਉੱਤੇ ਬੈਠਾ ਹੁੰਦਾ ਤਾਂ ਹਿੰਦੁਸਤਾਨ ਦਾ ਨਕਸ਼ਾ ਹੋਰ ਹੋਣਾ ਸੀ।

ਕਾਜ਼ੀ : (ਕੜਕ ਕੇ) ਤੂੰ ਆਲਮਗੀਰ ਦੇ ਬਰਖਿਲਾਫ਼ ਇਹ ਲਫ਼ਜ਼ ਕਹਿਣ

ਦਾ ਜੁਰਅੱਤ ਕੈਸੇ ਕੀਤੀ ? ਇਹ ਸਰਾਸਰ ਗ਼ਦਾਰੀ ਹੈ। ਤੈਨੂੰ ਪਤਾ ਇਸ ਦੀ ਸਜ਼ਾ ਕਿਆ ਹੈ ?

ਸੂਫ਼ੀ : ਬਹੁਤ ਅੱਛੀ ਤਰ੍ਹਾਂ ਜਾਣਦਾ ਹਾਂ।

ਕਾਜ਼ੀ : ਤੇਗ਼ ਬਹਾਦਰ ਦੇ ਕਤਲ ਵਕਤ ਤੂੰ ਕਿੱਥੇ ਸੀ ?

ਸੂਫ਼ੀ : ਬਿਲਕੁਲ ਨਜ਼ਦੀਕ ਖੜਾ ਸੀ।

ਕਾਜ਼ੀ : ਤੂੰ ਹੋਸ਼ ਹਵਾਸ ਵਿੱਚ ਜਵਾਬ ਦੇ ਰਿਹਾਂ ?

ਸੂਫ਼ੀ : ਤੁਹਾਡੇ ਨਾਲੋਂ ਜ਼ਿਆਦਾ ਹੋਸ਼ ਵਿੱਚ ਹਾਂ।

ਕਾਜ਼ੀ : ਕਿਆ ਕਤਲ ਦੇ ਅਖ਼ੀਰ ਤੱਕ ਤੂੰ ਉਥੇ ਖੜਾ ਰਿਹੈਂ ?

ਸੂਫ਼ੀ : ਸ਼ਹਾਦਤ ਦੇ ਆਖ਼ਰੀ ਦਮ ਤੱਕ।

ਕਾਜ਼ੀ : ਤੂੰ ਇਸ ਨੂੰ ਸ਼ਹਾਦਤ ਕਹਿਣ ਦੀ ਗੁਸਤਾਖ਼ੀ ਕਰ ਰਿਹਾਂ।

ਸੂਫ਼ੀ : ਬੁਜ਼ਦਿਲ ਮਰਦੇ ਨੇ, ਬਹਾਦਰ ਅਸੂਲਾਂ ਪਿਛੇ ਸ਼ਹੀਦ ਹੁੰਦੇ ਨੇ। ਸਿੱਖਾਂ ਦੇ ਗੁਰੂ ਨੂੰ ਮੈਂ ਸ਼ਹੀਦ-ਆਜ਼ਮ ਮੰਨਦਾ ਹਾਂ, ਕਿਉਂਕਿ ਉਸਨੇ ਮਜ਼ਹਬੀ ਆਜ਼ਾਦੀ ਖ਼ਾਤਰ ਜਾਨ ਕੁਰਬਾਨ ਕੀਤੀ ਹੈ।

ਕਾਜ਼ੀ : ਇਸ ਗ਼ਲਤ ਬਿਆਨ ਦੀ ਪਤਾ ਕਿਆ ਸਜ਼ਾ ਮਿਲੇਗੀ ?

ਸੂਫ਼ੀ : ਮੌਤ। ਗੁਰੂ ਦੀ ਮਹਾਨ ਸ਼ਹਾਦਤ ਤੋਂ ਪਿਛੋਂ ਮੇਰੇ ਰਹਿੰਦੇ ਖੂੰਹਦੇ ਡਰ ਵੀ ਚੁੱਕੇ ਗਏ। ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ ਕਿ ਅੱਲ੍ਹਾ ਦੀ ਅਜ਼ੀਮ-ਉੱਸ਼ਾਨ ਹਸਤੀ ਦੇ ਦਰਸ਼ਨ ਕਰ ਸਕਿਆ।

ਕਾਜ਼ੀ : ਕੁਫ਼ਰ ਦੀ ਆਵਾਜ਼ ਹਮੇਸ਼ਾ ਲਈ ਬੰਦ ਹੋ ਗਈ ਹੈ।

ਸੂਫ਼ੀ : ਕੀ ਸਰਮਦ ਦੀ ਮੌਤ ਨਾਲ ਸੂਫ਼ੀ ਮਤ ਖ਼ਤਮ ਹੋ ਗਿਆ ਸੀ? ਕਾਜ਼ੀ ਬੋਹਰਾ, ਯਾਦ ਰੱਖ, ਗੁਰੂ ਦੀ ਸ਼ਹਾਦਤ ਨੇ ਸਿੱਖੀ ਨੂੰ ਪੱਕੇ ਪੈਰਾਂ ਤੇ ਖੜਾ ਕਰ ਦਿੱਤਾ ਹੈ। ਸ਼ਹੀਦ ਮਜ਼ਬ ਦੀ ਬੁਨੀਆਦ ਹੁੰਦੇ ਨੇ।

ਕਾਜ਼ੀ : ਤੂੰ ਤੇਗ਼ ਬਹਾਦਰ ਨੂੰ ਪਹਿਲਾਂ ਵੀ ਮਿਲਿਆ ਸੀ ?

ਸੂਫ਼ੀ : ਸਿਰਫ਼ ਇਕ ਦਫ਼ਾ।

ਕਾਜ਼ੀ : (ਹੈਰਾਨੀ ਵਿੱਚ) ਕਦੋਂ ?

ਸੂਫ਼ੀ : ਚੰਦ ਦਿਨ ਪਹਿਲਾਂ ਕੋਤਵਾਲੀ ਵਿੱਚ।

ਕਾਜ਼ੀ : (ਗਰਜ ਕੇ) ਕਿਸ ਦੇ ਹੁਕਮ ਨਾਲ?



ਸੂਫ਼ੀ : (ਹੱਥ ਉੱਚੇ ਕਰਕੇ) ਉਸ ਪਰਵਰਦਿਗਾਰ ਦੇ ਹੁਕਮ ਨਾਲ।

ਕਾਜ਼ੀ : ਹਕੂਮਤ ਦੇ ਬਰਖ਼ਿਲਾਫ਼ ਸਰਾਸਰ ਬਗ਼ਾਵਤ ਹੈ, ਜਾਣਦਾ ਹੈਂ ?

ਸੂਫ਼ੀ : ਮਜ਼ਬੂਰ ਸਾਂ।

ਕਾਜ਼ੀ : ਕੈਸੀ ਮਜ਼ਬੂਰੀ ?

ਸੂਫ਼ੀ : ਮੈਂ ਉਨ੍ਹਾਂ ਦੀ ਸ਼ੁਹਰਤ ਸੁਣ ਚੁੱਕਾ ਸਾਂ। ਚੰਦ ਬੋਲਾਂ ਨੇ ਮੈਨੂੰ ਗੁਰੂ ਦੀ ਮਹਾਨ ਸ਼ਖ਼ਸੀਅਤ ਦਾ ਕਾਇਲ ਬਣਾ ਦਿੱਤਾ। ਉਨ੍ਹਾਂ ਨੂੰ ਗ਼ੈਰ-ਇਨਸਾਨੀ ਤਸੀਹੇ ਦਿੱਤੇ ਜਾ ਰਹੇ ਸਨ ਫੇਰ ਵੀ ਉਨ੍ਹਾਂ ਦੇ ਮਨ ਵਿੱਚ ਆਲਮਗੀਰ ਦੇ ਖ਼ਿਲਾਫ ਕੋਈ ਵੈਰ ਭਾਵ ਨਹੀਂ ਸੀ। ਪਤਾ ਉਨ੍ਹਾਂ ਨੇ ਕਿਆ ਫ਼ੁਰਮਾਇਆ ?

ਕਾਜ਼ੀ : ਕਿਆ ਕਿਹਾ ?

ਸੂਫ਼ੀ : ਮਜ਼੍ਹਬੀ ਜ਼ਨੂਨ ਇਨਸਾਨ ਨੂੰ ਅੰਨ੍ਹਾ ਬੋਲਾ ਬਣਾ ਦਿੰਦਾ ਹੈ। ਖ਼ੁਦਾ ਆਲਮਗੀਰ ਨੂੰ ਨੇਕ ਮਤ ਬਖਸ਼ੇ।

ਕਾਜ਼ੀ : ਹੋਰ ਕਿਆ ਸਾਜਿਸ਼ੀ ਬਾਤਾਂ ਹੋਈਆਂ ?

ਸੂਫ਼ੀ : ਉਨ੍ਹਾਂ ਦਾ ਦੀਦਾਰ ਕਰਕੇ ਮੈਂ ਇੰਨਾ ਜਜ਼ਬਾਤੀ ਹੋ ਗਿਆ ਸੀ ਕਿ ਮੈਂ ਕਹਿ ਬੈਠਾ—

ਕਾਜ਼ੀ : ਕਿਆ ਕਿਹਾ ?

ਕਾਜ਼ੀ : ਕਿ ਮੈਨੂੰ ਹੁਕਮ ਦਿਓ, ਕੱਲ੍ਹ ਸਾਕਾ ਵਰਤਣ ਤੋਂ ਪਹਿਲਾਂ ਮੈਂ ਦਿੱਲੀ ਨੂੰ ਅੱਗ ਲਾ ਦਿੰਦਾ ਹਾਂ। ਮੁਸਕਰਾ ਕੇ ਕਹਿਣ ਲੱਗੇ, ਇਹ ਸ਼ਕਤੀ ਤੈਨੂੰ ਕਿਥੋਂ ਪ੍ਰਾਪਤ ਹੋਈ ਹੈ। ਮੈਂ ਕਿਹਾ ਖ਼ੁਦਾ ਦੀ ਸੱਚੀ ਇਬਾਦਤ ਤੋਂ। ਹਜ਼ੂਰ ਨੇ ਫ਼ੁਰਮਾਇਆ, 'ਕੀ ਤੂੰ ਅੱਲ੍ਹਾ ਦਾ ਸਾਨੀ ਬਣਨਾ ਚਾਹੁੰਦਾ ਹੈਂ ?' ਇਹ ਬੋਲ ਸੁਣ ਕੇ ਮੈਂ ਥੱਰਾ ਗਿਆ।

ਕਾਜ਼ੀ : (ਬੇਧਿਆਨ ਦਿਲਚਸਪੀ ਲੈਂਦਾ ਹੋਇਆ) ਫੇਰ ਕਿਆ ਹੋਇਆ ?

ਸੂਫ਼ੀ : ਅਖ਼ੀਰ ਵਿੱਚ ਉਨ੍ਹਾਂ ਕਿਹਾ-ਸਾਡੀ ਕਰਾਮਾਤ ਸ਼ਹਾਦਤ ਤੋਂ ਬਾਅਦ ਖ਼ੁਦ ਜ਼ਾਹਰ ਹੋਵੇਗੀ।

ਕਾਜ਼ੀ : ਹੈਂ! ਕਰਾਮਾਤ ਦਾ ਜ਼ਿਕਰ ਕੀਤਾ।

ਸੂਫ਼ੀ : ਕਾਜ਼ੀ ਬੋਹਰਾ, ਇਨਸਾਨੀ ਖ਼ਿਦਮਤ ਔਰ ਕੁਰਬਾਨੀ ਦੀ ਇਸ ਲਾਸਾਨੀ ਸ਼ਹਾਦਤ ਤੋਂ ਭਾਰੀ ਹੋਰ ਕਿਆ ਕਰਾਮਾਤ ਹੋ ਸਕਦੀ ਹੈ।

ਕਾਜ਼ੀ : ਫ਼ਕੀਰ ਬੰਦੇ, ਤੂੰ ਮੁਗ਼ਲਈ ਸਲਤਨਤ ਦੇ ਦੁਸ਼ਮਣ ਨਾਲ ਸਾਜ਼ਬਾਜ਼ ਕੀਤੀ।

ਸੂਫ਼ੀ : ਸਰਾਸਰ ਗ਼ਲਤ ਹੈ। ਗੁਰੂ ਤੇਗ਼ ਬਹਾਦਰ ਨੂੰ ਕਿਸੇ ਨਾਲ ਵੈਰ ਵਿਰੋਧ ਨਹੀਂ ਸੀ। ਹਜ਼ਾਰਾ ਮੁਲਸਮਾਨ ਉਨ੍ਹਾਂ ਦੇ ਪੈਰੋਕਾਰ ਹਨ।

ਕਾਜ਼ੀ : ਉਹ ਅਵਾਮ ਨੂੰ ਗੁੰਮਰਾਹ ਕਰ ਰਿਹਾ ਸੀ।

ਸੂਫ਼ੀ : (ਉੱਚੀ ਹੱਸਦਾ ਹੋਇਆ) ਆਲਮਗੀਰ ਨੂੰ ਵੀ ਇਹੋ ਦੁੱਖ ਸੀ ?

ਕਾਜ਼ੀ : ਕਿਹੜਾ ਦੁੱਖ ?

ਸੂਫ਼ੀ : ਕਿ ਉਹ ਹਿੰਦੁਸਤਾਨ ਨੂੰ ਦਾਰੁਲਇਸਲਾਮ ਬਣਾ ਰਿਹਾ ਹੈ ਔਰ ਮੁਸਲਮਾਨ ਉਲਟੇ ਗੁਰੂ ਦੇ ਪੈਰੋਕਾਰ ਬਣ ਰਹੇ ਹਨ।

ਕਾਜ਼ੀ : ਬਾਦਸ਼ਾਹ ਸਲਾਮਤ ਖ਼ੁਦ ਦਰਵੇਸ਼ ਹਨ; ਉਲਮਾ ਨੇ ਆਪ ਨੂੰ ਆਲਮਗੀਰ ਜ਼ਿੰਦਾ ਪੀਰ ਦਾ ਲਕਬ ਦਿੱਤਾ ਹੈ।

ਸੂਫ਼ੀ : ਜ਼ਬਾਨੀ ਕਲਾਮੀ, ਮਗਰ ਅਮਲਾਂ ਵਿੱਚ ਨਹੀਂ।

ਕਾਜ਼ੀ : ਕਿਆ ਮਤਲਬ ?

ਸੂਫ਼ੀ : ਇਕ ਸੱਚਾ ਫ਼ਕੀਰ ਦੂਸਰੇ ਦੇ ਅਕੀਦੀਆਂ ਦਾ ਇਹਤਰਾਮ ਕਰਦਾ ਹੈ। ਬਾਬਰ ਨੇ ਗੁਰੂ ਨਾਨਕ ਦੇਵ ਜੀ ਨੂੰ ਸਲਾਮ ਕੀਤਾ, ਅਕਬਰ ਨੇ ਗੁਰੂ ਅਮਰਦਾਸ ਦਾ ਅਦਬ ਕੀਤਾ। ਮੀਆਂ ਮੀਰ, ਭੀਖਣ ਸ਼ਾਹ, ਔਰ ਸੈਂਕੜੇ ਮੁਸਲਮਾਨ ਫ਼ਕੀਰ ਗੁਰੂ ਸਾਹਿਬਾਨ ਦੀ ਇੱਜ਼ਤ ਕਰਦੇ ਹਨ।

ਕਾਜ਼ੀ : ਨੇਕ ਆਦਮੀ ਜਲਦੀ ਗੁੰਮਰਾਹ ਹੋ ਜਾਂਦਾ ਹੈ।

ਸੂਫ਼ੀ : ਦਰਵੇਸ਼ਾਂ ਦੇ ਦਿਲ ਕਾਜ਼ੀਆਂ ਵਾਂਗ ਤੰਗ ਨਹੀਂ ਹੁੰਦੇ। ਉਨ੍ਹਾਂ ਦਾ ਨਜ਼ਰੀਆ ਵਸੀਹ ਹੁੰਦਾ ਹੈ।

ਕਾਜ਼ੀ : ਜ਼ਬਾਨ ਬੰਦ ਕਰੋ!

ਸੂਫ਼ੀ : ਮੈਂ ਗਜ ਵਜ ਕੇ ਕਹਾਂਗਾ ਗੁਰੂ ਤੇਗ਼ ਬਹਾਦਰ ਦਾ ਕਤਲ ਇਨਸਾਨੀਅਤ ਨਾਲ ਧਰੋਹ ਹੈ।

ਕਾਜ਼ੀ : ਕੋਈ ਵੀ ਹੁਕਮਰਾਨ ਬਗ਼ਾਵਤ ਬਰਦਾਸ਼ਤ ਨਹੀਂ ਕਰ ਸਕਦਾ।

ਸੂਫ਼ੀ : ਕਿਆ ਸਿੱਖ ਗੁਰੂ ਬਾਗ਼ੀ ਸਨ ?

ਕਾਜ਼ੀ : ਸ਼ਹਿਨਸ਼ਾਹ ਨੂੰ ਪੁਖ਼ਤਾ ਵਸੀਲਿਆਂ ਤੋਂ ਖ਼ਬਰਾਂ ਮਿਲੀਆਂ ਸਨ ਕਿ



ਹਾਫ਼ਿਜ਼ ਆਦਮ ਔਰ ਤੇਗ਼ ਬਹਾਦਰ ਆਪੋ ਆਪਣੇ ਪੈਰੋਕਾਰਾਂ ਤੋਂ ਜ਼ਬਰਦਸਤੀ ਰੁਪਿਆ ਇਕੱਠਾ ਕਰਕੇ ਮੁਕਾਬਲੇ ਦੀ ਹਕੂਮਤ ਕਾਇਮ ਕਰ ਰਹੇ ਹਨ।

ਸੂਫ਼ੀ : (ਬੇਤਹਾਸ਼ਾ ਹੱਸਦਾ ਹੋਇਆ) ਕਾਜ਼ੀ ਸਾਹਿਬ, ਮੈਂ ਕਦੇ ਸੋਚ ਵੀ ਨਹੀਂ ਸਕਦਾ ਕਿ ਤੇਰੇ ਵਰਗਾ ਆਲਿਮ ਫ਼ਾਜ਼ਿਲ ਸ਼ਖ਼ਸ ਐਨੀ ਬੇਬੁਨਿਆਦ ਗੱਲ ਕਰ ਸਕਦਾ ਹੈ। ਇਹ ਨਿਰਾ ਢਕਵੰਜ ਹੈ। ਹਾਫ਼ਿਜ਼ ਆਦਮ ਚੋਤੀ ਸਾਲ ਪਹਿਲਾਂ ਮੱਕੇ ਵਿੱਚ ਫ਼ੌਤ ਹੋ ਚੁੱਕਾ ਹੈ। ਪਤਾ ਸ਼ਾਹ ਜਹਾਨ ਨੇ ਉਸਨੂੰ ਕਿਉਂ ਦੇਸ਼ ਨਿਕਾਲਾ ਦਿੱਤਾ ?

ਕਾਜ਼ੀ : ਉਹ ਮੁਲਕ ਨਾਲ ਗ਼ਦਾਰੀ ਕਰ ਰਿਹਾ ਸੀ।

ਸੂਫ਼ੀ : ਬਿਲਕੁਲ ਗ਼ਲਤ! ਉਸ ਨੇ ਵੀ ਗੁਰੂ ਤੇਗ਼ ਬਹਾਦਰ ਵਾਂਗ ਸ਼ਾਹ ਜਹਾਨ ਉੱਤੇ ਜੋਰੋ ਜ਼ੁਲਮ ਕਰਨ ਦਾ ਦੋਸ਼ ਲਾਇਆ ਸੀ।

ਕਾਜ਼ੀ : ਉਹ ਹੁਕਮਰਾਨਾਂ ਵਾਂਗ ਸ਼ਾਨੋ-ਸ਼ੌਕਤ ਨਾਲ ਰਹਿੰਦਾ ਸੀ।

ਸੂਫ਼ੀ : ਕੋਰਾ ਝੂਠ! ਗੁਰੂ ਤੇਗ਼ ਬਹਾਦਰ ਵਾਂਗ ਹਾਫ਼ਿਜ਼ ਆਦਮ ਵੀ ਫ਼ਕੀਰਾਂ ਵਾਲੀ ਸਾਦਾ ਜ਼ਿੰਦਗੀ ਬਸਰ ਕਰਦਾ ਸੀ।

ਕਾਜ਼ੀ : (ਛਿੱਥਾ ਪੈਂਦਾ ਹੋਇਆ) ਤੂੰ ਉਸ ਦਿਨ ਸ਼ਰੇਆਮ ਬਦਕਲਾਮੀ ਕੀਤੀ ਔਰ ਆਲਮਗੀਰ ਨੂੰ ਬਦ-ਦੁਆਵਾਂ ਦਿੱਤੀਆਂ। ਕਿਆ ਇਹ ਸੱਚ ਹੈ ?

ਸੂਫ਼ੀ : ਬਿਲਕੁਲ ਸੱਚ! ਅੱਛਾ ਸਾਹਮਣੇ ਅਨਰਥ ਹੁੰਦਾ ਦੇਖ ਮੇਰੀ ਰੂਹ ਤੋਂ ਬਦ-ਦੁਆਵਾਂ ਨਾ ਨਿਕਲਦੀਆਂ ਤੇ ਹੋਰ ਦੁਆ ਨਿਕਲਦੀ ?

ਕਾਜ਼ੀ : ਕਿਆ ਤੂੰ ਇਕਬਾਲ ਕਰਦਾ ਹੈਂ ਕਿ ਆਲਮਗੀਰ ਦੇ ਬਰਖ਼ਿਲਾਫ਼...

ਸੂਫ਼ੀ : (ਉਸ ਦੀ ਗੱਲ ਕਟਦਾ ਹੋਇਆ) ਸਭ ਤੋਂ ਪਹਿਲਾਂ ਤੈਨੂੰ ਬਦ-ਦੁਆ ਦਿੱਤੀ ਜਦੋਂ ਤੂੰ ਗ਼ਲਤ ਫ਼ਤਵਾ ਸੁਣਾ ਰਿਹਾ ਸੀ।

ਕਾਜ਼ੀ : ਮੈਨੂੰ ਕਿਆ ਬਦ-ਦੁਆ ਦਿੱਤੀ ?

ਸੂਫ਼ੀ : ਮੇਰੀ ਰੂਹ ਬੁਲੰਦ ਆਵਾਜ਼ ਵਿਚ ਕੂਕੀ, "ਹੇ ਰੱਬਾ, ਇਹ ਚੰਡਾਲ ਕਾਜ਼ੀ ਸ਼ਹਾਦਤ ਤੋਂ ਪੰਦਰਵੇਂ ਦਿਨ ਬਾਅਦ ਫ਼ੌਤ ਹੋ ਜਾਵੇ।

(ਕਚਹਿਰੀ ਵਿੱਚ ਸੱਨਾਟਾਂ ਛਾ ਜਾਂਦਾ ਹੈ।)

ਕਾਜ਼ੀ : (ਸਖ਼ਤ ਘਬਰਾਹਟ ਵਿੱਚ) ਮਗਰੋਂ ਕਾਂਵਾਂ ਦੇ ਕਹੇ ਬੋਲ ਨਹੀਂ ਮਰਦੇ।

ਸੂਫ਼ੀ : ਮੋਏ ਬਕਰੇ ਦੀ ਖਲ ਨਾਲ ਲੋਹਾ ਵੀ ਭਸਮ ਹੋ ਜਾਂਦਾ ਹੈ। ਫ਼ਕੀਰਾਂ ਮੂੰਹੋਂ ਨਿਕਲੀ ਬਦ ਅਸੀਸ ਹਮੇਸ਼ਾਂ ਸੱਚੀ ਸਿੱਧ ਹੁੰਦੀ ਹੈ। ਕਾਜ਼ੀ ਬੋਹਰਾ ਤੂੰ ਇਨਸਾਫ਼ ਦੀ ਕੁਰਸੀ ਉੱਤੇ ਬੈਠ ਕੇ ਕਾਣੀ ਤਕੜੀ ਤੋਲ ਰਿਹਾਂ। ਸਾਰੀ ਪਰਜਾ ਜਾਣਦੀ ਹੈ ਤੂੰ ਭਾਰੀ ਰਿਸ਼ਵਤਖੋਰ ਔਰ ਪੱਥਰ ਦਿਲ ਹੈਂ।

ਕਾਜ਼ੀ : ਇਸ ਦੀ ਜ਼ਬਾਨ ਬੰਦ ਕਰੋ ਔਰ ਬਾਹਰ ਲੈ ਜਾਓ।

ਨਾਜ਼ਰ : (ਛੇਤੀ ਛੇਤੀ ਕੁਛ ਕੰਨ ਵਿੱਚ) ਮਤਲਬ ਦੀ ਗੱਲ ਤਾਂ ਤੁਸੀਂ ਪੁੱਛੀ ਹੀ ਨਹੀਂ।

ਕਾਜ਼ੀ : ਠਹਿਰੋ! ਆਖ਼ਰੀ ਸਵਾਲ ਦਾ ਜਵਾਬ ਦੇ।

ਸੂਫ਼ੀ : ਪੁੱਛੋ!

ਕਾਜ਼ੀ : ਕਿਆ ਤੂੰ ਪੀਰ ਦੇ ਸਿਰ ਔਰ ਜਿਸਮ ਹਾਦਸੇ ਤੋਂ ਬਾਅਦ ਦੇਖੇ ਸਨ ?

ਸੂਫ਼ੀ : ਹਾਂ, ਬਹੁਤ ਚੰਗੀ ਤਰ੍ਹਾਂ!

ਕਾਜ਼ੀ : ਸੱਚਮੁੱਚ! ਉਹਨਾਂ ਬਾਰੇ ਕੁਝ ਦਸ ਸਕਦਾਂ ?

ਸੂਫ਼ੀ : ਸ਼ਹਾਦਤ ਤੋਂ ਬਾਅਦ ਮੈਂ ਅੱਖਾਂ ਬੰਦ ਕਰਕੇ ਖੜਾ ਸਾਂ (ਅੱਖਾਂ ਬੰਦ ਕਰਕੇ) ਉਨ੍ਹਾਂ ਦਾ ਰੂਹਾਨੀ ਚਿਹਰਾ ਅਜੇ ਵੀ ਮੇਰੀਆਂ ਅੱਖਾਂ ਸਾਹਮਣੇ ਫਿਰ ਰਿਹਾ ਹੈ, "ਉੱਚਾ ਕਦ, ਗੋਰਾ ਰੰਗ, ਚੌੜੀ ਪੇਸ਼ਾਨੀ, ਲੰਮੀ ਭਰਵੀਂ ਦਾਹੜੀ, ਚਮਕਦੀਆਂ ਰੂਹਾਨੀ ਅੱਖਾਂ, ਚੁੰਬਕੀ ਸ਼ਖਸ਼ੀਅਤ, (ਰੋਂਦਾ ਹੋਇਆ) ਬੇਦੀਦਾਂ ਨੇ ਅੱਲ੍ਹਾ ਦੀ, 'ਆਲੀਸ਼ਾਨ ਹਸਤੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਮਗਰੋਂ ਮੈਂ ਸੱਚੇ ਦਿਲੋਂ ਕਹਿੰਦਾ ਹਾਂ ਗੁਰੂ ਜੀ ਦੀ ਸ਼ਹਾਦਤ ਨੇ ਇਨਸਾਨੀਅਤ ਦਾ ਸਤਰ ਬੁਲੰਦ ਕੀਤਾ ਹੈ । ਮਨੁੱਖ ਜਾਤੀ ਨੂੰ ਸੱਚ ਦਾ ਰਾਹ ਦਿਖਾਇਆ ਹੈ। ਕਾਜ਼ੀ ਬੋਹਰਾ! ਇਸ ਸ਼ਹਾਦਤ ਨਾਲ ਮਜ਼੍ਹਬੀ ਆਜ਼ਾਦੀ ਦੀ ਨੀਂਹ ਰੱਖੀ ਜਾ ਚੁੱਕੀ ਹੈ।

ਕਾਜ਼ੀ : ਇਸ ਦੀਆਂ ਗੱਲਾਂ ਨਾਕਾਬਲੇ-ਬਰਦਾਸ਼ਤ ਹਨ। ਇਸ ਦਾ ਸਿਰ ਫਿਰ ਚੁੱਕਾ ਹੈ।

ਨਾਜ਼ਰ : ਜਨਾਬ! ਫੋਰਨ ਮੌਤ ਦਾ ਹੁਕਮ ਦਿੱਤਾ ਜਾਵੇ।

ਕਾਜ਼ੀ : ਇਹ ਸੰਗੀਨ ਮਾਮਲਾ ਹੈ ਮੈਂ ਆਲਮਗੀਰ ਨੂੰ ਇਸਦੇ ਕਤਲ ਦੀ ਸਿਫ਼ਾਰਸ਼ ਕਰਾਂਗਾ।



ਸੂਫ਼ੀ : ਜਿਸ ਦੇ ਦਿਨ ਪੁੱਗੇ ਹੋਣ ਉਸਨੂੰ ਤੱਦੀਆਂ ਛੱਡ ਦੇਣੀਆਂ ਚਾਹੀਦੀਆਂ ਹਨ। ਕਾਜ਼ੀ ਬੋਹਰਾ! ਖ਼ੁਦਾ ਦਾ ਖ਼ੌਫ਼ ਕਰ। ਅਕਾਬਤ ਸਮੇਂ ਆਲਮਗੀਰ ਨੇ ਤੇਰਾ ਸਹਾਈ ਨਹੀਂ ਹੋਣਾ।

ਕਾਜ਼ੀ : ਇਸ ਨੂੰ ਫ਼ੌਰਨ ਬਾਹਰ ਲੈ ਜਾਓ। ਅਗਲਾ ਉਗਾਹ ਪੇਸ਼ ਕਰੋ। (ਕੰਨਾਂ ਨੂੰ ਹੱਥ ਲਾਉਂਦਾ ਹੋਇਆ) ਯਾ ਅੱਲ੍ਹਾ, ਇਸ ਦੀ ਜ਼ਹਿਰੀ ਬੋਲਾਂ ਨੇ ਮਨ ਉਚਾਟ ਕਰ ਦਿੱਤਾ ਹੈ ਸਾਰੀ ਉਮਰ ਮੈਂ ਅਜਿਹੇ ਜ਼ਹਿਰੀਲੇ ਲਫ਼ਜ਼ ਨਹੀਂ ਸੁਣੇ।

(ਬਕਤਰ ਪੋਸ਼ ਸੂਫ਼ੀ ਨੂੰ ਪਿਛੇ ਹਟਣ ਲਈ ਕਹਿੰਦੇ ਹਨ। ਉਹ ਚੰਦ ਕਦਮ ਪਿਛੇ ਹਟ ਜਾਂਦਾ ਹੈ ਪਰ ਬਾਹਰ ਜਾਣ ਤੋਂ ਇਨਕਾਰੀ ਹੁੰਦਾ ਹੈ। ਉਹ ਬੇਵਸ ਖੜੇ ਦਿਖਦੇ ਹਨ।)

ਕੋਤਵਾਲ : ਪਾਗਲ ਔਰਤ ਨੂੰ ਪੇਸ਼ ਕਰੋ।

ਔਰਤ : (ਪੇਸ਼ ਹੁੰਦੇ ਹੋਏ) ਪਾਗਲ ਤਾਂ ਉਹ ਲੋਕ ਹਨ ਜੋ ਦਰਵੇਸ਼ਾਂ ਨੂੰ ਕਤਲ ਦਾ ਹੁਕਮ ਦੇਂਦੇ ਨੇ।

ਕਾਜ਼ੀ : ਬੁੱਢੀਏ ਜ਼ਬਾਨ ਬੰਦ ਰੱਖ।

ਔਰਤ : ਜੇ ਇਥੇ ਬੋਲਣ ਦੀ ਮਨਾਹੀ ਸੀ ਤਾਂ ਮੈਨੂੰ ਅੱਠਾਂ ਪਹਿਰਾਂ ਦਾ ਕਿਉਂ ਡੱਕਿਆ ਹੋਇਆ ਸੀ ?

ਕਾਜ਼ੀ : ਤੈਨੂੰ ਕੁਝ ਗੱਲਾਂ ਪੁੱਛ ਕੇ ਛੱਡ ਦਿੱਤਾ ਜਾਵੇਗਾ। ਆਪਣੇ ਧਰਮ ਈਮਾਨ ਨਾਲ ਸੱਚ-ਸੱਚ ਦੱਸੀਂ।

ਔਰਤ : ਮੈਂ ਝੂਠ ਬੋਲ ਕੇ ਤੈਥੋਂ ਜਾਗੀਰ ਲੈਣੀ ਏਂ।

ਕਾਜ਼ੀ : ਤੂੰ ਉਸ ਦਿਨ ਕਤਲ ਦੇ ਵਕਤ ਹਾਜ਼ਰ ਸੀ ?

ਔਰਤ : ਤੇਰੇ ਡੇਲੇ ਫੁਟੇ ਹੋਏ ਸਨ, ਤੇਰੇ ਸਾਹਮਣੇ ਤਾਂ ਖੜੀ ਸਾਂ। ਜ਼ਾਲਮਾਂ ਨੂੰ ਮੈਂ ਸੌ ਸੌ ਦੁਰਸੀਸਾਂ ਦਿੱਤੀਆਂ। ਚੰਦਰਿਆਂ ਦੇ ਸਿਰ ਜੂੰ ਤੱਕ ਨਹੀਂ ਸਰਕੀ।

ਕਾਜ਼ੀ : ਬੇਹੂਦਾ ਗੱਲਾਂ ਨਾ ਕਰ। ਸਵਾਲ ਦਾ ਜਵਾਬ ਦੇ ਮੁਖ਼ਤਸਰ।

ਔਰਤ : ਚੰਦਰਿਆ! ਕਾਰਾ ਤਾਂ ਤੂੰ ਕਰ ਚੁੱਕਾ ਹੋਰ ਪੁਛਣਾ ਕੀ ਬਾਕੀ ਰਹਿ ਗਿਆ ?

ਕਾਜ਼ੀ : ਤੂੰ ਉਸ ਦਿਨ ਉਥੇ ਕਿਆ ਕਰਨ ਗਈ ਸੀ ?

ਔਰਤ : ਇਹ ਵੀ ਕੋਈ ਸਵਾਲ ਹੈ ? ਤੂੰ ਉਸ ਦਿਨ ਉਥੇ ਖੜਾ ਕੀ ਕੁਫ਼ਰ ਤੋਲਦਾ ਸੀ ?

ਕਾਜ਼ੀ : ਮੈਂ ਤਾਂ ਸਰਕਾਰੀ ਫ਼ਰਜ਼ ਨਿਭਾ ਰਿਹਾ ਸੀ।

ਔਰਤ : ਮੈਂ ਆਪਣਾ ਧਰਮ ਪਾਲ ਰਹੀ ਸੀ।

ਕਾਜ਼ੀ : ਕੀ ਤੂੰ ਤੇਗ਼ ਬਹਾਦਰ ਦੀ ਪੈਰੋਕਾਰ ਹੈਂ ?

ਔਰਤ : ਮੈਂ ਹੀ ਨਹੀਂ ਉਸ ਦਿਨ ਸਭ ਨੇ ਸੱਚ ਦੇ ਸੂਰਜ ਨੂੰ ਸਲਾਮ ਕੀਤਾ ਸੀ, ਸਿੱਖੀ ਪਤਾ ਕੀ ਸ਼ੈਅ ਹੈ ?

ਕਾਜ਼ੀ : ਕਿਆ ਹੈ ?

ਔਰਤ : ਇਸ ਅੰਨ੍ਹੇ ਜੁਗ ਵਿੱਚ ਸੱਚ ਦੀ ਲਟ-ਲਟ ਬਲਦੀ ਮਸ਼ਾਲ।

ਕਾਜ਼ੀ : ਬੁੱਢੀਏ, ਕਤਲ ਤੋਂ ਬਾਅਦ ਤੂੰ ਕਿੱਥੇ ਸੀ ?

ਔਰਤ : ਮੈਂ ਮੁਗਲਾਂ ਦਾ ਸਿਆਪਾ ਕਰਨ ਗੁਰੂ ਦੇ ਸੀਸ ਪਾਸ ਬੈਠੀ ਸੀ।

ਕਾਜ਼ੀ : (ਆਸਵਾਨ ਹੁੰਦਾ ਹੋਇਆ) ਹੈਂ! ਤੂੰ ਗੁਰੂ ਦਾ ਸਿਰ ਔਰ ਜਿਸਮ ਜੁਦਾ-ਜੁਦਾ ਦੇਖੇ ਸਨ।

ਔਰਤ : ਦੇਖਦੇ ਸਾਰ ਪਹਿਲਾਂ ਤਾਂ ਦਿਲ ਪੱਥਰ ਹੋ ਗਿਆ ਸੀ।

ਕਾਜ਼ੀ : (ਹੁਸ਼ਿਆਰੀ ਨਾਲ) ਦਸ ਸਕਦੀ ਹੈਂ ਉਹ ਕਿਸ ਨੇ ਚੁੱਕੇ ?

ਔਰਤ : ਹਾਂ

ਕਾਜ਼ੀ : ਸ਼ਾਬਾਸ਼! ਛੇਤੀ ਦਸ!

ਔਰਤ : ਅਜੀਬ ਕੌਤਕ ਦੇਖਿਆ, ਸਿਰ ਅਨੰਦਪੁਰ ਸਾਹਿਬ ਵਲ ਉਛਾਰੀ ਮਾਰ ਗਿਆ ਤੇ ਧੜ ਅਜਮੇਰੀ ਦਰਵਾਜ਼ੇ ਵੱਲ।

ਕਾਜ਼ੀ : (ਨਿਰਾਸਤਾ ਨਾਲ) ਪਹਿਰੇਦਾਰ ਕਿੱਥੇ ਸਨ ?

ਔਰਤ : ਮੇਰੇ ਭਾਣੇ ਉਹ ਅੰਨ੍ਹੇ ਹੋ ਗਏ ਸਨ ਜਿਨ੍ਹਾਂ ਨੂੰ ਉਹ ਰੱਬੀ ਕੌਤਕ ਨਜ਼ਰ ਨਹੀਂ ਆਇਆ।

ਕਾਜ਼ੀ : ਹੋਰ ਉਥੇ ਕੌਣ ਸੀ ?

ਔਰਤ : (ਆਲੇ ਦੁਆਲੇ ਦੇਖ ਕੇ) ਆਹ ਭਲਾ ਫ਼ਕੀਰ ਉਥੇ ਹੀ ਖੜਾ ਸੀ। ਇਹ ਵੀ ਮੇਰੇ ਵਾਂਗ ਜ਼ਾਰ-ਜ਼ਾਰ ਰੋ ਰਿਹਾ ਸੀ। ਕਿਉਂ ਸਾਈਂ ਦਰਵੇਸ਼, ਮੈਂ ਕੁਝ ਝੂਠ ਕਿਹਾ।

ਸੂਫ਼ੀ : ਹਰ ਇਕ ਨੂੰ ਆਪਣੇ ਮਨ ਦੀ ਹਾਲਤ ਮੁਤਾਬਿਕ ਦਿਸਦਾ ਹੈ।



ਔਰਤ : ਕਿੰਨੀ ਵਧੀਆ ਗੱਲ ਆਖੀ ਹੈ ਫ਼ਕੀਰ ਨੇ! ਝੂਠ ਦੇ ਪਲੰਦੇ ਕੋਤਵਾਲ ਨੇ ਧੌਰੇ ਕੀ ਕੀ ਘੜੀਆਂ ?

ਕਾਜ਼ੀ : ਇਸ ਦੇ ਊਲ ਜਲੂਲ ਬਿਆਨ ਬੇਮਾਹਨੀ ਨੇ, ਇਸ ਨੂੰ ਬਾਹਰ ਲੈ ਜਾਓ।

ਔਰਤ : ਜੇ ਮੈਂ ਤੁਹਾਡੇ ਮਤਲਬ ਲਈ ਝੂਠ ਬੋਲਦੀ ਤਾਂ ਹੁਣੇ ਬੋਲ ਸੁਨਹਿਰੀ ਅੱਖਰ ਬਣ ਜਾਣੇ ਸਨ। ਮੈਨੂੰ ਭਾਵੇਂ ਭਾਈ ਸਤੀ ਦਾਸ ਵਾਂਗ ਸਾੜ ਦਿਓ, ਝੂਠ ਮੈਂ ਫਿਰ ਵੀ ਨਹੀਂ ਬੋਲਾਂਗੀ।

ਕਾਜ਼ੀ : ਬੁੱਢੀਏ, ਬਕਵਾਸ ਬੰਦ ਕਰ।

ਔਰਤ : ਇਨਸਾਫ਼ ਦੀ ਕੁਰਸੀ ਤੇ ਬੈਠ ਕੇ ਔਰਤ ਜਾਤ ਨੂੰ ਨਿਰਾਦਰ ਭਰੇ ਸ਼ਬਦ ਬੋਲਣ ਵਾਲੇ ਕਾਜ਼ੀ, ਤੂੰ ਵੀ ਆਪਣਾ ਖੱਫਣ ਤਿਆਰ ਕਰ।

ਕਾਜ਼ੀ : (ਅਤੀ ਘਬਰਾਹਟ ਵਿੱਚ) ਤੈਨੂੰ ਇਸ ਦਾ ਕਿਥੋਂ ਇਲਹਾਮ ਹੋਇਆ?

ਔਰਤ : ਪੱਥਰ ਦਿਲ ਕਾਜ਼ੀ! ਤੇਰੀ ਮੌਤ ਤੇਰੇ ਮੱਥੇ ਉੱਤੇ ਉਕਰੀ ਹੋਈ ਹੈ।

ਕਾਜ਼ੀ : ਇਸ ਨੂੰ ਫ਼ੌਰਨ ਬਾਹਰ ਲੈ ਜਾਓ, ਇਸਦੀ ਬਦਕਲਾਮੀ ਨੇ ਮੇਰਾ ਮਨ ਬੇਚੈਨ ਕਰ ਦਿੱਤਾ ਹੈ। ਕੱਲ੍ਹ ਦੇ ਹਾਦਸੇ ਦੀ ਪਰੇਸ਼ਾਨੀ ਕਾਰਨ ਰਾਤ ਭਰ ਨੀਂਦ ਨਹੀਂ ਆਈ। ਇਸ ਨੇ ਹੋਰ ਵੀ ਉਪਰਾਮ ਕਰ ਦਿੱਤਾ ਹੈ।

ਨਾਜ਼ਰ : ਸ਼ਾਹੀ ਹਕੀਮ ਨੂੰ ਫੌਰਨ ਬੁਲਾਇਆ ਜਾਵੇ।

(ਬਕਤਰਪੋਸ਼ ਹੁਕਮ ਸੁਣ ਕੇ ਫੌਰਨ ਬਾਹਰ ਚਲਾ ਜਾਂਦਾ ਹੈ।)

ਕੋਤਵਾਲ : ਕਿਸ ਨੂੰ ਪੇਸ਼ ਕਰੀਏ ਹਜ਼ੂਰ ?

ਕਾਜ਼ੀ : ਪਹਿਲਾਂ ਉਸ ਸਿੱਖ ਲੜਕੇ ਨੂੰ ਪੇਸ਼ ਕਰੋ। ਉਸ ਦੀ ਉਮਰ ਦਾ ਖ਼ਿਆਲ ਕਰਕੇ ਦਿਲ ਇਸ ਵਕਤ ਹਮਦਰਦੀ ਨਾਲ ਭਰਿਆ ਹੋਇਆ ਹੈ।

ਦਰਬਾਨ : ਸਿੱਖ ਲੜਕਾ ਪੇਸ਼ ਕਰੋ!

(ਲੜਕੇ ਦੇ ਹੱਥਾਂ ਨੂੰ ਕੜੀਆਂ ਲਗੀਆਂ ਹੋਈਆਂ ਹਨ। ਉਹ ਬਿਨਾਂ ਡਰ ਸਾਹਮਣੇ ਆਉਂਦਾ ਹੈ।)

ਕਾਜ਼ੀ : ਬਰਖ਼ੁਰਦਾਰ ਤੇਰੀ ਉਮਰ ਕਿਤਨੀ ਹੈ ?

ਲੜਕਾ : ਚੌਦਾਂ ਸਾਲ।

ਕਾਜ਼ੀ : ਮਾਲੂਮ ਹੈ, ਤੇਰੇ ਉੱਤੇ ਕਿਆ ਜੁਰਮ ਲੱਗਾ ਹੋਇਆ ?

ਲੜਕਾ : ਹਾਂ, ਮੈਂ ਕਾਜ਼ੀ ਨੂੰ ਇੱਟ ਮਾਰੀ ਸੀ।

ਕਾਜ਼ੀ : ਅਣਭੋਲ ਕਿ ਜਾਣ ਬੁੱਝ ਕੇ ?

ਲੜਕਾ : ਮਿੱਥ ਕੇ।

ਕਾਜ਼ੀ : ਕਿਉਂ ?

ਲੜਕਾ : ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਬਦਲੇ।

ਕਾਜ਼ੀ : ਕਿਆ ਤੈਨੂੰ ਤੇਰੇ ਮਾਂ ਬਾਪ ਨੇ ਸਿਖਾਇਆ ਸੀ ?

ਲੜਕਾ : ਨਹੀਂ, ਉਹ ਤਾਂ ਸਗੋਂ ਮੈਨੂੰ ਸ਼ਹੀਦੀ ਵਾਲੇ ਦਿਨ ਰੋਕ ਰੋਕ ਰਖਦੇ ਸਨ।

ਕਾਜ਼ੀ : ਫੇਰ ਤੂੰ ਕਿਉਂ ਗਿਆ ?

ਲੜਕਾ : ਗੁਰੂ ਜੀ ਦੇ ਆਖ਼ਰੀ ਦਰਸ਼ਨ ਕਰਨ।

ਕਾਜ਼ੀ : ਇਹ ਤੂੰ ਸਖ਼ਤ ਗ਼ਲਤ ਕੰਮ ਕੀਤਾ ਹੈ। ਇਸ ਦੀ ਸਜ਼ਾ ਪਤਾ ਕਿਆ ਹੈ ?

ਲੜਕਾ : ਹਾਂ, ਮੌਤ!

ਕਾਜ਼ੀ : ਬੇਟਾ ਤੇਰੀ ਉਮਰ ਬਹੁਤ ਛੋਟੀ ਹੈ। ਤੇਰੀ ਸੂਰਤ ਦੇਖ ਕੇ ਮੈਨੂੰ ਰਹਿਮ ਆ ਰਿਹਾ। ਤੂੰ ਰਿਹਾਈ ਲਈ ਦਰਖ਼ਾਸ ਦੇ।

ਲੜਕਾ : ਹਰਗਿਜ਼ ਨਹੀਂ ਮੈਨੂੰ ਸਗੋਂ ਅਫ਼ਸੋਸ ਹੈ ਮੇਰਾ ਵਾਰ ਖ਼ਾਲੀ ਗਿਆ।

ਕਾਜ਼ੀ : ਤੈਨੂੰ ਆਪਣੀ ਕਰਤੂਤ ਤੇ ਪਛਤਾਵਾ ਨਹੀਂ ?

ਲੜਕਾ : ਨਹੀਂ, ਜੇ ਜੀਂਦਾ ਰਿਹਾ ਤਾਂ ਆਪਣਾ ਪ੍ਰਣ ਪੂਰਾ ਕਰਾਂਗਾ।

ਕਾਜ਼ੀ : (ਗੁੱਸੇ ਨਾਲ) ਲੈ ਜਾਓ ਏਸ ਕਾਫ਼ਿਰ ਬਚੇਂਗੜੇ ਨੂੰ, ਕਾਲ ਕੋਠੜੀ ਅੰਦਰ ਸੁੱਟੋ, ਕੋਰੜੇ ਮਾਰ ਮਾਰ ਇਹਦਾ ਕਚੂੰਮਰ ਕੱਢੋ ਤਾਂ ਜੋ ਹੋਸ਼ ਟਿਕਾਣੇ ਆ ਜਾਣ।

ਕੋਤਵਾਲ : ਆਲੀਜਾਹ ਲੜਕੇ ਦੀ ਮਾਂ ਕੁਝ ਅਰਜ਼ ਕਰਨਾ ਚਾਹੁੰਦੀ ਹੈ।

ਕਾਜ਼ੀ : ਪੇਸ਼ ਕਰੋ :

ਮਾਂ : (ਧਾਹਾਂ ਮਾਰਦੀ ਹੋਈ) ਮਾਈ ਬਾਪ, ਮੇਰੇ ਬੱਚੇ ਤੇ ਦਇਆ ਕਰੋ, ਇਹ ਅਸਲੋਂ ਨਾਦਾਨ ਹੈ।



ਕਾਜ਼ੀ : ਸਾਨੂੰ ਖ਼ੁਦ ਇਸ ਤੇ ਰਹਿਮ ਆ ਰਿਹਾ ਮਗਰ ਇਹ ਆਪਣੀ ਗ਼ਲਤੀ ਮੰਨਣ ਨੂੰ ਤਿਆਰ ਨਹੀਂ।

ਮਾਂ : ਇਹਦੀ ਥਾਂ ਮੈਂ ਮੁਆਫ਼ੀ ਮੰਗਦੀ ਹਾਂ।

ਕਾਜ਼ੀ : ਇਕੋ ਸ਼ਰਤ ਤੇ ਇਹਦੀ ਰਿਹਾਈ ਹੋ ਸਕਦੀ ਹੈ।

ਮਾਂ : ਹੁਕਮ ਕਰੋ ਮਾਈ ਬਾਪ, ਝੋਲੀ ਅੱਡ ਕੇ ਮੈਂ ਆਪਣੇ ਜਿਗਰ ਦੇ ਟੋਟੇ ਦੀ ਖ਼ੈਰਾਤ ਮੰਗਦੀ ਹਾਂ।

ਕਾਜ਼ੀ : ਇਸ ਨੂੰ ਜਾਨ ਬਦਲੇ ਦੀਨ ਇਸਲਾਮ ਕਬੂਲ ਕਰਨਾ ਪਵੇਗਾ।

ਲੜਕਾ : (ਚੀਕ ਕੇ) ਨਹੀਂ! ਇਹ ਮੇਰੀ ਮਾਂ ਨਹੀਂ; ਮੈਂ ਇਸਨੂੰ ਨਹੀਂ ਜਾਣਦਾ, ਕੌਣ ਹੈ!!

ਕਾਜ਼ੀ : (ਹੈਰਾਨ ਹੋ ਕੇ) ਤੇਰੀ ਮਾਤਾ ਦਾ ਕਿਆ ਨਾਮ ਹੈ ?

ਲੜਕਾ : ਮੇਰੀ ਮਾਤਾ ਦਾ ਨਾਂ, ਮਾਤਾ ਗੁਜਰੀ !

ਕਾਜ਼ੀ : ਮਾਈ : ਠੀਕ ਤੇਰਾ ਇਹੋ ਨਾਮ ਹੈ ?

ਮਾਂ : ਇਹਦਾ ਦਿਮਾਗ਼ ਫਿਰ ਗਿਆ ਲਗਦਾ ਹਜ਼ੂਰ!

ਲੜਕਾ : ਇਹ ਝੂਠ ਬੋਲਦੀ ਹੈ। ਇਹ ਮੇਰੀ ਕੁਛ ਨਹੀਂ ਲੱਗਦੀ। ਧਰਮ ਤੋਂ ਗਿਰਾਣ ਵਾਲੀ ਮਾਂ ਨਹੀਂ ਹੋ ਸਕਦੀ।

ਕਾਜ਼ੀ : ਇਹਨੂੰ ਹਨੇਰ ਕੋਠੜੀ ਅੰਦਰ ਜਕੜ ਕੇ ਸੁੱਟੋ !

ਮਾਂ : (ਧਾਹਾਂ ਮਾਰ ਕੇ) ਇਹ ਜ਼ੁਲਮ ਨਾ ਕਰਨਾ ਸਰਕਾਰ! ਮੈਂ ਵਾਸਤੇ ਪਾਉਂਦੀ ਹਾਂ !

ਲੜਕਾ : (ਮਾਂ ਨੂੰ ਸੰਬੋਧਨ ਕਰਕੇ) ਜੇ ਤੂੰ ਉਸ ਦਿਨ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਦੇਖੀ ਹੁੰਦੀ ਤਾਂ ਅੱਜ ਵਾਸਤੇ ਪਾਉਣ ਦੀ ਥਾਂ ਖ਼ੁਦ ਸੂਲੀ ਚੁੰਮਦੀ।

ਕਾਜ਼ੀ : ਲੈ ਜਾਓ। ਇਸ ਨੂੰ ਘੋੜੇ ਦੇ ਪੌੜਾਂ ਨਾਲ ਬੰਨ੍ਹ ਕੇ ਮਾਰੋ!

(ਲੜਕੇ ਨੂੰ ਬੇਰਹਿਮੀ ਨਾਲ ਲੈ ਜਾਂਦੇ ਹਨ, ਮਾਂ ਧਾਹਾਂ ਮਾਰਦੀ ਮਗਰ ਮਗਰ ਜਾਂਦੀ ਹੈ।)

ਕਾਜ਼ੀ : ਤੌਬਾ, ਤੌਬਾ, ਕਿਸ ਮਿੱਟੀ ਦੇ ਬਣੇ ਹੋਏ ਨੇ ਇਹ ਸਿੱਖ ਲੋਗ। ਇਨ੍ਹਾਂ ਨੂੰ ਮੌਤ ਦਾ ਜ਼ਰਾ ਖ਼ੌਫ਼ ਨਹੀਂ ਰਿਹਾ।

ਨਾਜ਼ਰ : ਜਨਾਬ, ਕਤਲ ਤੋਂ ਬਾਅਦ ਇਹ ਲੋਕ ਅਸਲੋਂ ਬੇਖ਼ੌਫ਼ ਹੋ ਗਏ ਹੋਨ।

ਕਾਜ਼ੀ : ਇਹੋ ਤਾਂ ਹੈਰਾਨੀ ਵਾਲੀ ਬਾਤ ਹੈ।

ਨਾਜ਼ਰ : ਹਜ਼ੂਰ ਦੀ ਤਬੀਅਤ ਕੁਛ ਜ਼ਿਆਦਾ...........

ਕਾਜ਼ੀ : ਜਦੋਂ ਕੋਈ ਖ਼ਾਸ ਬਾਤ ਹੋ ਜਾਂਦੀ ਹੈ, ਮੇਰਾ ਜੀ ਘਬਰਾਣ ਲੱਗ ਜਾਂਦਾ ਹੈ। ਮੇਰਾ ਮੱਥਾ ਭੱਖਣ ਲੱਗ ਪਿਆ।

ਨਾਜ਼ਰ : (ਬਾਹਰ ਵੱਲ ਦੇਖਦਾ ਹੋਇਆ) ਸ਼ਾਹੀ ਹਕੀਮ ਹੁਣੇ ਆ ਜਾਂਦਾ ਹੈ ਜਨਾਬ!

ਕਾਜ਼ੀ : ਅਗਲਾ ਉਗਾਹ ਪੇਸ਼ ਕਰੋ ਫ਼ੌਰਨ।

ਦਰਬਾਨ : ਵਣਜਾਰਾ ਲੱਖੀ ਸ਼ਾਹ ਹਾਜ਼ਰ ਹੋ।

(ਉਹ ਬੜੇ ਸਵੈਮਾਣ ਨਾਲ ਦਾਖ਼ਲ ਹੁੰਦਾ ਹੈ। ਸੱਜੇ ਹੱਥ ਨਾਲ ਸਲਾਮ ਕਰਦਾ ਹੈ।)

ਕਾਜ਼ੀ : ਕਿਆ ਨਾਮ ਹੈ ਤੇਰਾ ?

ਲੱਖੀ : ਲੱਖੀ ਸ਼ਾਹ।

ਕਾਜ਼ੀ : ਕਹੁ, ਮੈਂ ਆਪਣੇ ਧਰਮ ਇਮਾਨ ਨਾਲ ਸੱਚੋ ਸੱਚ ਬੋਲਾਂਗਾ।

ਲੱਖੀ : ਗੁਰੂ ਦਾ ਸਿੱਖ ਕਦੇ ਝੂਠ ਨਹੀਂ ਬੋਲਦਾ, ਭਾਵੇਂ ਉਹਦੀ ਗਰਦਨ ਉੱਤੇ ਤਲਵਾਰ ਰੱਖ ਦਿਉ।

ਕਾਜ਼ੀ : ਤੂੰ ਕਤਲ ਵਾਲੀ ਸੁਬ੍ਹਾ ਉਸ ਜਗ੍ਹਾ ਹਾਜ਼ਰ ਸੀ ?

ਲੱਖੀ : ਹਾਂ ਜਨਾਬ!

ਕਾਜ਼ੀ : ਸਾਨੂੰ ਖ਼ੁਫ਼ੀਆ ਖ਼ਬਰ ਮਿਲੀ ਹੈ ਕਿ ਤੂੰ ਬਾਗੀਆਂ ਔਰ ਗ਼ਦਾਰਾਂ ਨਾਲ ਹਮਦਰਦੀ ਰੱਖਦਾ ਹੈਂ।

ਲੱਖੀ : ਬਿਲਕੁਲ ਦਰੁੱਸਤ ਹੈ।

ਕਾਜ਼ੀ : (ਹੈਰਾਨ ਹੋਕੇ) ਕਿਆ ਤੂੰ ਇਕਬਾਲ ਕਰਦਾ ਹੈਂ ?

ਲੱਖੀ : ਹਾਂ ਜਨਾਬ !

ਕਾਜ਼ੀ : ਕਿਆ ਤੂੰ ਭੁੱਲ ਗਿਆ ਸੀ ਤੂੰ ਸਰਕਾਰ ਦਾ ਨਮਕ ਖਾਂਦਾ ਹੈਂ ?

ਲੱਖੀ : ਜਦੋਂ ਕੋਈ ਹਕੂਮਤ ਜ਼ੋਰ ਜ਼ੁਲਮ ਦੀ ਹੱਦ ਮੁਕਾ ਦੇਵੇ ਤਾਂ ਅਣਖੀ ਬੰਦੇ 'ਚੋਂ ਬਰਦਾਸ਼ਤ ਦਾ ਮਾਦਾ ਖ਼ਤਮ ਹੋ ਜਾਂਦਾ ਹੈ।

ਕਾਜ਼ੀ : ਤੇਰਾ ਪੀਰ ਤੇਗ਼ ਬਹਾਦਰ ਨਾਲ ਕਿਆ ਰਿਸ਼ਤਾ ਹੈ ?



ਲੱਖੀ : ਜੋ ਇਕ ਸ਼ਰਧਾਲੂ ਸਿੱਖ ਦਾ ਗੁਰੂ ਨਾਲ ਹੁੰਦਾ ਹੈ।

ਕਾਜ਼ੀ : ਹੋਰ ਤੁਅੱਲਕਾਤ ?

ਲੱਖੀ : ਮੇਰਾ ਜੁਆਈ ਭਾਈ ਮਨੀ ਰਾਮ ਅਨੰਦਪੁਰ ਗੁਰੂ ਦੀ ਸੇਵਾ ਵਿੱਚ ਹੈ।

ਕਾਜ਼ੀ : ਆਸਾਮ ਤੋਂ ਵਾਪਸੀ ਵਕਤ ਕਿਆ ਤੇਗ਼ ਬਹਾਦਰ ਤੇਰੇ ਘਰ ਠਹਿਰਿਆ ਸੀ ?

ਲੱਖੀ : ਹਾਂ, ਸੇਵਕ ਨੂੰ ਉਨ੍ਹਾਂ ਨਿਵਾਜਿਆ ਸੀ।

ਕਾਜ਼ੀ : ਫੇਰ ਤਾਂ ਕਤਲ ਦੇ ਮੌਕੇ ਤੇਰਾ ਮਨ ਜ਼ਰੂਰ ਜੋਸ਼ ਵਿੱਚ ਆਇਆ ਹੋਊ ?

ਲੱਖੀ : ਠੀਕ ਹੈ, ਮੈਂ ਬੜੀ ਮੁਸ਼ਕਲ ਨਾਲ ਆਪਣੇ ਆਪ ਨੂੰ ਜ਼ਬਤ ਵਿੱਚ ਰੱਖ ਸਕਿਆ ਸਾਂ।

ਕਾਜ਼ੀ : ਖ਼ੁਫ਼ੀਆ ਮਹਿਕਮੇ ਨੂੰ ਤੇਰੇ ਉੱਤੇ ਲਾਸ਼ ਉਠਾਉਣ ਦਾ ਸ਼ੁਬਾ ਹੈ, ਕਿਆ ਤੂੰ ਮੰਨਦਾ ਹੈਂ ?

ਲੱਖੀ : ਹਾਂ ਜਨਾਬ!

ਕਾਜ਼ੀ : (ਯਕੀਨ ਨਾ ਕਰਦਾ ਹੋਇਆ) ਕਿਆ ਤੂੰ ਹੋਸ਼ ਵਿੱਚ ਹੈਂ ?

ਲੱਖੀ : ਜੋ ਮੈਂ ਕਿਹਾ, ਬਿਲਕੁਲ ਸੱਚ ਹੈ।

ਕਾਜ਼ੀ : ਸ਼ਾਬਾਸ਼! ਸਿੱਖਾਂ ਵਿੱਚ ਸੱਚ ਕਹਿਣ ਦੀ ਬੇਹੱਦ ਦਲੇਰੀ ਹੈ।

ਲੱਖੀ : ਕਾਜ਼ੀ ਸਾਹਿਬ! ਸੱਚਾ ਸੁੱਚਾ ਬੰਦਾ ਸਦਾ ਬੇਖ਼ੌਫ਼ ਹੁੰਦਾ ਹੈ।

ਕਾਜ਼ੀ : ਕਿਆ ਉਸ ਬਾਬਤ ਵਾਕਿਆ ਤਫ਼ਸੀਲ ਨਾਲ ਦਸ ਸਕਦਾ ਹੈਂ ?

ਲੱਖੀ : ਜ਼ਰੂਰ! ਭਾਣੇ ਤੋਂ ਬਾਅਦ ਮੇਰੇ ਅੱਠੇ ਪੁੱਤਰ ਬੇਕਾਬੂ ਹੋ ਗਏ ਸਨ।

ਕਾਜ਼ੀ : ਔਰ ਫਿਰ ?

ਲੱਖੀ : ਉਨ੍ਹਾਂ ਨੇ ਖ਼ੂਬ ਸ਼ੋਰ ਮਚਾਇਆ!

ਕਾਜ਼ੀ : ਮੈਂ ਕਿਥੇ ਸੀ ?

ਲੱਖੀ : ਲੋਕਾਂ ਦਾ ਰਵੱਈਆ ਦੇਖ ਕੇ ਤੁਸੀਂ ਖਿਸਕ ਗਏ ਸੀ।

ਕਾਜ਼ੀ : ਮੇਰੇ ਪਿਛੋਂ ਕਿਆ ਹੋਇਆ ?

ਲੱਖੀ : ਕੋਤਵਾਲ ਤੇ ਸਿਪਾਹੀ ਉਨ੍ਹਾਂ ਵੱਲ ਦੌੜੇ, ਕਿਉਂਕਿ ਬਲਵੇ ਦੀ ਹਾਲਤ ਪੈਦਾ ਹੋ ਗਈ ਸੀ ?

ਕਾਜ਼ੀ : ਫੇਰ ਕਿਆ ਹੋਇਆ ?

ਲੱਖੀ : ਮੌਕਾ ਗ਼ਨੀਮਤ ਸਮਝ ਕੇ ਅਸੀਂ ਝਟਾਪਟ ਕਪਾਹ ਦੇ ਗੱਡੇ ਹਿੱਕ ਲਏ ?

ਕਾਜ਼ੀ : ਉਸ ਤੋਂ ਬਾਅਦ ?

ਲੱਖੀ : ਕੁਦਰਤ ਨੇ ਸਾਡੀ ਮਦਦ ਕੀਤੀ ਹਨੇਰੀ ਝੁਲ ਪਈ।

ਕਾਜ਼ੀ : ਔਰ ਫਿਰ ?

ਲੱਖੀ : ਗੁਰੂ ਜੀ ਦੀ ਦੇਹ ਨੂੰ ਚੁੱਕ ਕੇ ਕਪਾਹ ਵਿੱਚ ਲੁਕਾ ਦਿਤਾ। ਔਰ ਖਾਰੀ ਥੌਲੀ ਤਰਫ਼ ਗੱਡਾ ਹਿੱਕ ਦਿੱਤਾ।

ਕਾਜ਼ੀ : (ਸਾਹੋ ਸਾਹ) ਫਿਰ ਲਾਸ਼ ਨੂੰ ਕਿਆ ਕੀਤਾ ?

ਲੱਖੀ : ਸਿੱਖ ਮਰਯਾਦਾ ਮੁਤਾਬਿਕ ਅਗਨੀ ਭੇਟ ਕਰ ਦਿੱਤਾ।

ਕਾਜ਼ੀ : ਕਿਸ ਜਗ੍ਹਾ ਔਰ ਕਿਸ ਤਰ੍ਹਾਂ ?

ਲੱਖੀ : ਆਪਣੇ ਘਰ ਰਾਏ ਸੀਨਾ ਜਾ ਕੇ ਘਰ ਨੂੰ ਹੀ ਅੱਗ ਲਾ ਦਿੱਤੀ।

ਕਾਜ਼ੀ : ਕਿਆ ਤੂੰ ਅੱਗ ਲਾਉਣ ਦੀ ਇਤਲਾਹ ਦਿੱਤੀ ?

ਲੱਖੀ : ਜੀ ਹਾਂ!

ਕਾਜ਼ੀ : ਕਿਉਂ ਕੋਤਵਾਲ ?

ਕੋਤਵਾਲ : ਪੜਤਾਲ ਕੀਤੀ ਜਾਵੇਗੀ ਜਨਾਬ!

ਕਾਜ਼ੀ : ਤੇਰੇ ਨਾਲ ਧੜ ਚੁੱਕਣ ਵਕਤ ਹੋਰ ਕੌਣ ਸੀ ?

ਲੱਖੀ : ਮੇਰਾ ਬੜਾ ਲੜਕਾ ਨਗਾਹੀਆ।

ਕਾਜ਼ੀ : ਉਹ ਕਿੱਥੇ ਹੈ ?

ਲੱਖੀ : ਉਹ ਸਾਹਮਣੇ ਖੜਾ ਹੈ ।

ਕਾਜ਼ੀ : ਹੈਂ ਖ਼ੁਦ ਪੇਸ਼ ਹੋਣ ਲਈ!

ਨਗਾਹੀਆ : ਕਾਜ਼ੀ ਬੋਹਰਾ, ਹਜ਼ਾਰਾਂ ਲੱਖਾਂ ਨੌਜਵਾਨ, ਮੁਗ਼ਲਾਂ ਸਾਹਵੇਂ ਪੇਸ਼ ਹੋਣਗੇ। ਮੇਰੇ ਬਾਲ ਗੁਰੂ ਦੇ ਕਰਤੱਬ ਦੁਨੀਆ ਦੇਖੇਗੀ।

ਕਾਜ਼ੀ : ਇਹ ਗਿਣੀ ਮਿੱਥੀ ਸਾਜਿਸ਼ ਹੈ। ਤੈਨੂੰ ਪਤਾ ਇਸ ਜੁਰਮ ਦੀ ਕਿਆ ਸਜ਼ਾ ਹੈ ?

ਲੱਖੀ : ਮੌਤ ਜਾਂ ਧਰਮ ਬਦਲੀ।



ਕਾਜ਼ੀ : ਤੈਨੂੰ ਦੋਹਾਂ ਵਿਚੋਂ ਕਿਹੜਾ ਮਨਜ਼ੂਰ ਹੈ ?

ਲੱਖੀ : ਗੁਰੂ ਤੇਗ਼ ਬਹਾਦਰ ਦਾ ਦਰਸਾਇਆ ਰਾਹ!

ਕਾਜ਼ੀ : (ਕੰਨਾਂ ਨੂੰ ਹੱਥ ਲਾ ਕੇ) ਯਾ ਅੱਲਾ !! ਮੈਂ ਕਿਆ ਸੁਣ ਰਿਹਾ ਹਾਂ ਇਨ੍ਹਾਂ ਸਿੱਖਾਂ ਦੇ ਮਨੋਂ ਮੌਤ ਦਾ ਡਰ ਅਸਲੋਂ ਚੁੱਕਿਆ ਗਿਆ। ਇਹ ਕਿਸ ਧਾਤ ਤੇ ਬਣੇ ਹੋਏ ਨੇ ਸਾਰੇ ਸ਼ਹੀਦ ਹੋਣ ਲਈ ਤਿਆਰ ਬੈਠੇ ਨੇ।

ਨਗਾਹੀਆ : ਇਹੋ ਕਰਾਮਾਤ ਹੈ ਮੇਰੇ ਗੁਰੂ ਦੀ !

ਕਾਜ਼ੀ : ਤੇਰਾ ਹਕੂਮਤ ਨਾਲ ਕਿਆ ਤੁਅੱਲਕ ਹੈ । ਸੋਚ ਲੈ ਚੰਗੀ ਤਰ੍ਹਾਂ।

ਲੱਖੀ : ਸੋਚ ਵਿਚਾਰ ਕੇ ਹੀ ਮੈਂ ਇਹ ਕਦਮ ਪੁੱਟਿਆ ਸੀ।

ਕਾਜ਼ੀ : ਦਸ ਸਕਦਾ ਹੈਂ ਕਿਉਂ ?

ਲੱਖੀ : ਆਲਮਗੀਰ ਨੂੰ ਇਹ ਜਤਲਾਣ ਲਈ ਕਿ ਦੁਨੀਆਂ ਦੀ ਕੋਈ ਸ਼ਕਤੀ ਸਿੱਖਾਂ ਨੂੰ ਰੂਹਾਨੀ ਮਾਰਗ ਤੋਂ ਥੜਕਾ ਨਹੀਂ ਸਕਦੀ।

ਕਾਜ਼ੀ : ਇਹ ਮੁਗ਼ਲਈ ਸਲਤਨਤ ਦੇ ਖ਼ਿਲਾਫ਼ ਜ਼ਾਹਰਾ ਸਾਜਿਸ਼ ਹੈ।

ਲੱਖੀ : ਇਹ ਖ਼ੁਦਾਪ੍ਰਸਤਾਂ ਦਾ ਫ਼ਿਰਕਾਪ੍ਰਸਤਾਂ ਵਿਰੁੱਧ ਸੰਘਰਸ਼ ਹੈ।

ਨਗਾਹੀਆ : ਇਹ ਝੂਠ ਤੇ ਸੱਚ ਦੀ ਲੜਾਈ ਹੈ।

ਕਾਜ਼ੀ : ਜ਼ਬਾਨ ਬੰਦ ਕਰੋ ?

ਲੱਖੀ : ਇਹ ਜ਼ਬਾਨ ਖੁਲ੍ਹ ਚੁੱਕੀ ਹੈ ਬੰਦ ਨਹੀਂ ਹੋ ਸਕਦੀ। ਯਾਦ ਰੱਖ, ਕੋਈ ਵੀ ਦੁਨੀਆਵੀ ਤਾਕਤ ਮਨੁੱਖੀ ਮਨ ਉੱਤੇ ਅਧਿਕਾਰ ਜਮਾਣ ਦਾ ਹੱਕ ਨਹੀਂ ਰੱਖਦੀ।

ਨਗਾਹੀਆ : ਜਦੋਂ ਤੂੰ ਤੇ ਤੇਰਾ ਸ਼ਹਿਨਸ਼ਾਹ ਮਿੱਟੀ ਵਿੱਚ ਰੁਲ ਖੁਲ ਜਾਉਗੇ, ਗੁਰੂ ਤੇਗ਼ ਬਹਾਦਰ ਦਾ ਰੂਹਾਨੀ ਸੰਦੇਸ਼ ਜੁਗਾਂ-ਜੁਗਾਂਤਰਾਂ ਤੱਕ ਸੱਚ, ਪਿਆਰ ਤੇ ਸੁਤੰਤਰਤਾ ਦਾ ਸਬਕ ਸਿਖਾਂਦਾ ਰਹੇਗਾ।

ਕਾਜ਼ੀ : ਇਨ੍ਹਾਂ ਨਮਕ-ਹਰਾਮਾਂ ਨੂੰ ਜਕੜ ਕੇ ਕਾਲ ਕੋਠੜੀ ਅੰਦਰ ਸੁੱਟ ਮੈਂ ਕੱਲ੍ਹ ਨੂੰ ਇਨ੍ਹਾਂ ਦੀ ਮੌਤ ਦਾ ਫ਼ਰਮਾਨ ਜਾਰੀ ਕਰਾਂਗਾ।

ਲੱਖੀ : (ਬਕਤਰ ਪੋਸ਼ਾਂ ਹੱਥੋਂ ਮੂੰਹ ਮੋੜ ਕੇ) ਕਾਜ਼ੀ ਬੋਹਰਾ! ਕੰਨ੍ਹ ਖੋਲ੍ਹ ਕੇ ਸੁਣ ਲੈਂ, ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਨਾਲ ਨਵੇਂ ਜੁਗ ਦਾ ਆਰੰਭ ਹੋਇਆ ਹੈ। ਵਿਚਾਰ ਤੇ ਵਿਸ਼ਵਾਸ ਦੀ ਆਜ਼ਾਦੀ ਅਵੱਸ਼ ਹੋਕੇ ਰਹੇਗੀ।

ਨਗਾਹੀਆ : ਧੰਨ ਧੰਨ ਗੁਰੂ ਤੇਗ ਬਹਾਦਰ।

ਕਾਜ਼ੀ : ਤੌਬਾ! ਤੌਬਾ!! ਇਸ਼ਤਗਫ਼ਾਰ ਅਲ੍ਹਾ!!! ਮੈਂ ਕਿਆ ਦੇਖ ਸੁਣ ਰਿਹਾ ਹਾਂ, ਇਹ ਲੋਕ ਮੌਤ ਦਾ ਮਜ਼ਾਕ ਉਡਾ ਰਹੇ ਨੇ।

ਸੂਫ਼ੀ : (ਉੱਚੀ ਹੱਸਦਾ ਹੋਇਆ) ਔਰ ਤੂੰ ਮੌਤ ਦੇ ਖ਼ਿਆਲ ਤੋਂ ਥੱਰਰਾ ਰਿਹਾ ਹੈਂ।

ਕਾਜ਼ੀ : ਇਸ ਪਾਜੀ ਨੂੰ ਧੱਕੇ ਮਾਰ ਮਾਰ ਕੇ ਬਾਹਰ ਕੱਢੋ।

ਸੂਫ਼ੀ : ਰਿਸ਼ਵਤਖ਼ੋਰ ਸੰਗਦਿਲ ਕਾਜ਼ੀ, ਤੂੰ ਵੀ ਛੇਤੀ ਦੋਜ਼ਖ ਵਿੱਚ ਧੱਕੇ ਖਾਏਂਗਾ।

(ਜ਼ਬਰਦਸਤੀ ਬਾਹਰ ਲੈ ਜਾਂਦੇ ਹਨ।)

ਕਾਜ਼ੀ : ਯਾ ਅੱਲ੍ਹਾ, ਕਿਆ ਹੋਣ ਵਾਲਾ ਹੈ। ਮੈਨੂੰ ਤਰੇਲੀਆਂ ਆ ਰਹੀਆਂ ਹਨ। ਮੈਂ ਬਹੁਤ ਥੱਕ ਗਿਆ ਹਾਂ। ਸਖ਼ਤ ਪਰੇਸ਼ਾਨ ਹਾਂ। ਸਾਰੀ ਉਮਰ ਐਸਾ ਮੁਕਦਮਾ ਪੇਸ਼ ਨਹੀਂ ਆਇਆ। ਮੈਂ ਹੋਰ ਦੇਰ ਨਹੀਂ ਬੈਠ ਸਕਦਾ। ਆਲਮਗੀਰ ਦੇ ਡਰ ਨਾਲ ਹੀ ਬੈਠਾ ਰਿਹਾ ਵਰਨਾ ਮੇਰੀ ਤਬੀਅਤ ਸਖ਼ਤ ਨਾਸਾਜ਼ ਹੈ।

ਕੋਤਵਾਲ : ਸਿਰਫ਼ ਇੱਕ ਗਵਾਹ ਬਾਕੀ ਹੈ ਜਨਾਬ।

ਕਾਜ਼ੀ : ਉਹ ਕੌਣ ਹੈ ?

ਕੋਤਵਾਲ : ਜੈਤਾ ਖ਼ੁਦ ਹਾਜ਼ਰ ਹੋਇਆ ਹੈ ਜਨਾਬ।

ਕਾਜ਼ੀ : ਜਲਦੀ ਪੇਸ਼ ਕਰੋ। ਮੈਂ ਜ਼ਿਆਦਾ ਦੇਰ ਨਹੀਂ ਬੈਠ ਸਕਦਾ।

ਦਰਬਾਨ : ਮੁਸੱਮੀ ਜੈਤਾ ਹਾਜ਼ਰ ਹੋ।

ਬਾਹਰੋਂ ਸ਼ਬਦ ਦੀ ਆਵਾਜ਼ :

ਚਿਤ ਚਰਨ ਕੰਵਲ ਕਾ ਆਸਰਾ
ਚਿਤ ਚਰਨ ਕੰਵਲ ਸੰਗ ਜੋੜੀਏ
.... ..... ....
ਬਾਂਹ ਜਿਨਾਂ ਦੀ ਪਕੜੀਏ
ਸਿਰ ਦੀਜੇ ਬਾਂਹ ਨਾ ਛੋਡੀਏ।



ਕਾਜ਼ੀ : (ਗੁੱਸੇ ਨਾਲ) ਕੌਣ ਹੈ ਇਹ ਨਾਮਾਕੂਲ ਜਿਸ ਨੂੰ ਕਚਿਹਰੀ ਦੇ ਕਾਇਦੇ ਕਾਨੂੰਨ ਦੀ ਖ਼ਬਰ ਨਹੀਂ।

ਜੈਤਾ : (ਸ਼ਬਦ ਦੀ ਆਖ਼ਰੀ ਤੁਕ ਗਾਉਂਦਾ ਦਾਖ਼ਲ ਹੁੰਦਾ ਹੈ)

(ਤੇਗ਼ ਬਹਾਦਰ ਬੋਲਿਆ ਧਰ ਪਈਏ ਧਰਮ ਨਾ ਛੋਡੀਏ।)

ਕਾਜ਼ੀ : ਤੂੰ ਐਨਾ ਜੋਸ਼ ਵਿੱਚ ਕਿਉਂ ਹੈਂ ?

ਜੈਤਾ : ਆਨੰਦਪੁਰੋਂ ਗੁਰੂ ਜੀ ਦੇ ਦਰਸ਼ਨ ਕਰਕੇ ਆਇਆ ਹਾਂ।

ਕਾਜ਼ੀ : ਕਿਹੜੇ ਗੁਰੂ ਦੇ ?

ਜੈਤਾ : ਦਸਵੇਂ ਗੁਰੂ ਗੋਬਿੰਦ ਰਾਏ ਦੇ।

ਕਾਜ਼ੀ : ਕਿਆ ਬੋਲਦਾ ਹੈਂ ?

ਕੋਤਵਾਲ : ਦਿਮਾਗ਼ ਫਿਰ ਗਿਆ ਲਗਦਾ ਜਨਾਬ!

ਕਾਜ਼ੀ : ਤੂੰ ਕਤਲ ਦੀ ਸਾਰੀ ਵਾਰਦਾਤ ਅੱਖੀਂ ਦੇਖੀ ਸੀ ?

ਜੈਤਾ : ਹਾਂ, ਅਲਫ਼ ਤੋਂ ਯੇ ਤੱਕ। ਉਸ ਤੋਂ ਪਹਿਲਾਂ ਤਿੰਨ ਸਿੱਖਾਂ ਦੀ ਸ਼ਹੀਦੀ ਵੀ ਅੱਖੀਂ ਦੇਖੀ ਸੀ।

ਕਾਜ਼ੀ : ਕਤਲ ਤੋਂ ਬਾਅਦ ਤੂੰ ਕਿੱਥੇ ਸੀ ?

ਜੈਤਾ : ਮੈਂ ਸਤਿਗੁਰੂ ਦੇ ਸੀਸ ਲਾਗੇ ਖੜਾ ਸੀ।

ਕਾਜ਼ੀ : ਉਹ ਕਿਉਂ?

ਜੈਤਾ : ਪਹਿਰਾ ਦੇਣ ਲਈ।

ਕਾਜ਼ੀ : ਤੈਨੂੰ ਕਿਸ ਨੇ ਹੁਕਮ ਦਿੱਤਾ ਸੀ ?

ਜੈਤਾ : ਮੈਨੂੰ ਮੇਰਾ ਧਰਮ ਵੰਗਾਰ ਰਿਹਾ ਸੀ ?

ਕਾਜ਼ੀ : ਤੇਗ਼ ਬਹਾਦਰ ਦੇ ਸਿਰ ਬਾਬਤ ਕੁਝ ਜਾਣਦਾ ਹੈਂ ?

ਜੈਤਾ : ਹਾਂ, ਪੂਰੀ ਤਰ੍ਹਾਂ।

ਕਾਜ਼ੀ : (ਅਤੀ ਉਤਸੁਕਤਾ ਨਾਲ) ਤੈਨੂੰ ਪਤਾ ਉਹ ਸਿਰ ਕਿਸ ਨੇ ਉਠਾਇਆ?

ਜੈਤਾ : ਹਾਂ ਜਨਾਬ !

ਕਾਜ਼ੀ : ਕਿਸ ਨੇ ਚੁੱਕਿਆ ? ਸ਼ਾਬਾਸ਼!

ਜੈਤਾ : ਮੈਂ ਜਨਾਬ !

ਕਾਜ਼ੀ : (ਕੁਰਸੀ ਤੋਂ ਉੱਠ ਕੇ) ਤੂੰ ਖ਼ੁਦ! ਹੋਸ਼ ਵਿੱਚ ਬੋਲ ਰਿਹਾਂ ?

ਜੈਤਾ : ਪੂਰੇ ਹੋਸ਼ ਵਿੱਚ।

ਕਾਜ਼ੀ : ਹੋਰ ਤੇਰੇ ਨਾਲ ਕੌਣ ਸੀ ?

ਜੈਤਾ : ਦੋ ਸੱਜਨ ਹੋਰ ਸਨ।

ਕਾਜ਼ੀ : ਉਹਨਾਂ ਦੇ ਨਾਮ ?

ਜੈਤਾ : ਨਨੂੰਆ ਤੇ ਰਠੌਰ।

ਕਾਜ਼ੀ : ਉਹ ਕਿੱਥੇ ਹਨ ?

ਜੈਤਾ : ਘਬਰਾਓ ਨਾ, ਮੇਰੇ ਵਾਂਗ ਉਹ ਵੀ ਪੇਸ਼ ਹੋ ਜਾਣਗੇ।

ਕਾਜ਼ੀ : ਤੁਸੀਂ ਸਿਰ ਚੁੱਕਣ ਦੀ ਜੁਅੱਰਤ ਕੈਸੇ ਕੀਤੀ ?

ਜੈਤਾ : ਕਾਜ਼ੀ ਬੋਹਰਾ, ਤੈਨੂੰ ਅਜੇ ਵੀ ਸਿੱਖਾਂ ਦੀ ਸੂਰਬੀਰਤਾ ਤੇ ਸ਼ੱਕ ਹੈ ?

ਕਾਜ਼ੀ : ਮੇਰਾ ਮਤਲਬ ਹੈ ਤੁਸੀਂ ਕਿਸ ਢੰਗ ਨਾਲ ਚੁੱਕਿਆ ?

ਜੈਤਾ : ਕੋਰੀ ਚਾਦਰ ਵਿੱਚ ਲਪੇਟ ਕੇ।

ਕਾਜ਼ੀ : ਤੁਹਾਨੂੰ ਇਹ ਗੱਲ ਕੈਸੀ ਸੁੱਝੀ ?

ਜੈਤਾ : ਅਸੀਂ ਪਹਿਲਾਂ ਹੀ ਪੂਰੀ ਤਿਆਰੀ ਕੀਤੀ ਹੋਈ ਸੀ।

ਕਾਜ਼ੀ : ਇਰਾਦਾ ਜੁਰਮ ਦਾ ਇਕਬਾਲ ਕਰਦਾ ਹੈ। ਸ਼ੁਕਰ ਹੈ, ਸ਼ੁਕਰ ਹੈ ਅੱਲ੍ਹਾ ਪਾਕ ਦਾ! ਹੁਣ ਮੈਂ ਸ਼ਹਿਨਸ਼ਾਹ ਤੋਂ ਸੁਰਖ਼ਰੂ ਹੋ ਸਕਾਂਗਾ ਵਰਨਾ ਸਾਰੀ ਉਮਰ ਦੀ ਕੀਤੀ ਕਮਾਈ ਤੇ ਲਕੀਰ ਫਿਰ ਜਾਣੀ ਸੀ। ਤੁਸੀਂ ਉਹ ਸਿਰ ਕਿੱਥੇ ਲੁਕਾਇਆ ਹੈ ? ਸ਼ਾਬਾਸ਼ !

ਜੈਤਾ : ਅਸੀਂ ਤਿੰਨੇ ਗੁਰੂ ਦਾ ਸੀਸ ਲੈ ਕੇ ਵਾਹੋਦਾਹੀ ਆਨੰਦਪੁਰ ਸਾਹਿਬ ਪੁੱਜੇ।

ਕਾਜ਼ੀ : ਕਿੱਥੇ ?

ਕੋਤਵਾਲ : ਮਾਖੋਵਾਲ ਦਾ ਨਾਮ ਸਿੱਖਾਂ ਨੇ ਨਾਨਕੀ ਚੱਕ ਜਾਂ ਆਨੰਦਪੁਰ ਰੱਖਿਆ ਹੋਇਆ ਹੈ ਜਨਾਬ !

ਕਾਜ਼ੀ : ਫੇਰ ਕਿਆ ਕੀਤਾ ?

ਜੈਤਾ : ਸੀਸ ਗੁਰੂ ਦੇ ਹਵਾਲੇ ਕਰ ਦਿੱਤਾ।

ਕਾਜ਼ੀ : ਹੈਂ ਕਾਫ਼ਰਾਂ ਦੀ ਐਨੀ ਦਲੇਰੀ ? ਉਸ ਤੋਂ ਬਾਅਦ ਕਿਆ ਹੋਇਆ?



ਜੈਤਾ : ਗੁਰੂ ਜੀ ਨੇ ਪੂਰੇ ਸਤਿਕਾਰ ਨਾਲ ਸਸਕਾਰ ਕੀਤਾ।

ਕਾਜ਼ੀ : ਤੈਨੂੰ ਪਤਾ ਇਸ ਜੁਰਮ ਦੀ ਕਿਆ ਸਜ਼ਾ ਹੈ ?

ਜੈਤਾ : ਹਾਂ, ਮੌਤ, ਜੋ ਮੈਂ ਕਬੂਲਣ ਲਈ ਖ਼ੁਦ ਹਾਜ਼ਰ ਹੋਇਆ ਹਾਂ।

ਕਾਜ਼ੀ : ਤੇ ਖ਼ੁਦ ਹਾਜ਼ਰ ਹੋਣ ਦਾ ਸਬੱਬ ?

ਜੈਤਾ : ਕਸੂਰਵਾਰ ਮੈਂ ਹਾਂ, ਮਗਰ ਮੇਰੇ ਪਰਿਵਾਰ ਨੂੰ ਖ਼ਾਹਮਖ਼ਾਹ ਤਸੀਹੇ ਦਿੱਤੇ ਜਾ ਰਹੇ ਹਨ।

ਕਾਜ਼ੀ : ਤੂੰ ਫਾਂਸੀ ਲਟਕਣ ਲਈ ਤਿਆਰ ਹੈਂ ਜਾਂ ਨਾਲ-ਬਖਸ਼ੀ ਲਈ ਦਰਖ਼ਾਸਤ ਕਰਨੀ ਹੈ ?

ਜੈਤਾ : ਕਾਜ਼ੀ ਬੋਹਰਾ ! ਸਿੱਖੀ ਦਾ ਦੂਸਰਾ ਨਾਮ ਕੁਰਬਾਨੀ ਹੈ। (ਗਾ ਕੇ)

ਜਿਸ ਮਰਨੇ ਤੇ ਜਗ ਡਰੇ ਮੇਰੇ ਮਨ ਆਨੰਦ
ਮਰਨੇ ਹੀ ਤੇ ਪਾਈਏ ਪੂਰਨ ਪਰਮਾਨੰਦ

ਕਾਜ਼ੀ : ਇਹ ਲੋਕ ਕਿੰਨੇ ਬੇਖ਼ੌਫ਼ ਹੋ ਗਏ ਹਨ।

ਜੈਤਾ : ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੇ ਮੌਤ ਨਾਲ ਪਰਨਾ ਦਿੱਤਾ ਹੈ।

ਨਾਜ਼ਰ : ਕਿਆ ਮਾਮਲਾ ਹੈ ਜਨਾਬ, ਤੁਹਾਡਾ ਚਿਹਰਾ ਪੀਲਾ ਪੈਂਦਾ ਜਾ ਰਿਹਾ ?

ਕਾਜ਼ੀ : ਮੇਰਾ ਦਿਲ ਨਿਘਰਤਾ ਜਾ ਰਿਹਾ। ਮੈਂ ਕਚਿਹਰੀ ਬਰਖ਼ਾਸਤ ਕਰਦਾ ਹਾਂ। ਕੱਲ੍ਹ ਹੁਕਮ ਲਿਖਾਵਾਂਗਾ।

ਜੈਤਾ : ਤੁਹਾਡੀ ਲਈ ਕੱਲ੍ਹ ਸ਼ੈਦ ਨਾ ਆਵੇ।

ਕਾਜ਼ੀ : ਹੋ ਸਕਦਾ, ਸੂਫ਼ੀ ਫ਼ਕੀਰ ਦੀ ਗੱਲ ਸੱਚੀ ਨਿਕਲੇ।

ਨਾਜ਼ਰ : ਵਹਿਮ ਨ ਕਰੋ ਆਲੀ ਜਾ, ਦਿਲ ਤਕੜਾ ਰੱਖੋ, ਬਿਲਕੁਲ ਠੀਕ ਹੋ ਜਾਉਗੇ।

ਕਾਜ਼ੀ : ਮੇਰੇ ਸਰੀਰ ਵਿੱਚੋਂ ਸਤਿਆ ਹੀ ਖ਼ਤਮ ਹੁੰਦੀ ਲਗਦੀ ਹੈ।

ਜੈਤਾ : ਮੇਰੇ ਗੁਰੂ ਦੀ ਫ਼ਤਹ ਔਰ ਮੁਗ਼ਲਈ ਹਕੂਮਤ ਦੀ ਸ਼ਿਕਸਤ ਹੋਈ ਹੈ। ਗੁਰੂ ਤੇਗ ਬਹਾਦਰ ਅਮਰ ਹੈ। ਗੁਰੂ ਤੇਗ ਬਹਾਦਰ ਦੀ ਜੈ! ਜੈ!!

ਕਾਜ਼ੀ : ਜ਼ਬਾਨ ਬੰਦ ਕਰੋ ਵਰਨਾ.....ਔਹ ਕੌਣ ਆ ਰਹੇ ਹਨ (ਡਰ ਨਾਲ ਕੰਬਦਾ ਹੋਇਆ)! ਹੈਂ ਅਜ਼ਰਾਈਲ!!

(ਦੋ ਸਿਆਹਪੋਸ਼ ਇੱਕ ਵੱਡੀ ਸਾਰੀ ਚਾਦਰ ਤਾਣੀ ਪਿੱਠ ਭੂਮੀ ਵਲੋਂ ਪ੍ਰਗਟ ਹੁੰਦੇ ਹਨ। ਚਾਦਰ ਉੱਤੇ ਭਾਰਤ ਦਾ ਨਕਸ਼ਾ ਤੇ ਉਸ ਵਿਚਕਾਰ ਗੁਰੂ ਤੇਗ਼ ਬਹਾਦਰ ਦੀ ਤਸਵੀਰ ਚਿਤਰੀ ਹੋਈ ਹੈ। ਕਾਜ਼ੀ ਡਰ ਨਾਲ ਕੰਬਦਾ ਹੈ। ਉਸਦੇ ਚੇਲੇ ਚੋਰੇ ਹੁੰਦੇ ਜਾਂਦੇ ਹਨ। ਉਹ ਅਵਾਕ ਉਨ੍ਹਾਂ ਵੱਲ ਭੈ-ਭੀਤ ਦੇਖਦਾ ਰਹਿੰਦਾ ਹੈ। ਸਾਰੇ ਅਹਿਲਕਾਰ ਤੇ ਕਰਮਚਾਰੀ ਮੂੰਹ ਅੱਡੀ ਪੱਥਰ ਬਣੇ ਖੜੇ ਹਨ।)

(ਪਿੱਠ ਭੂਮ ਤੋਂ ਸ਼ਬਦ ਦੀ ਆਵਾਜ਼:)

ਠੀਕਰਿ ਫੋਰਿ ਦਿਲੀਸਿ ਸਿਰਿ
ਪ੍ਰਭ ਪੁਰ ਕੀਆ ਪਯਾਨ
ਤੇਗ਼ ਬਹਾਦਰ ਸੀ ਕ੍ਰਿਆ ਕਰੀ ਨਾ ਕਿਨ ਹੂੰ ਆਨ।
ਤੇਗ਼ ਬਾਹਦਰ ਕੇ ਚਲਤ ਭਯੋ ਜਗਤ ਕੋ ਸੋਕ
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।

———